1469

Government of Punjab
e-Registration Fee Receipt

Receipt No	PB1228272002396
Issue Date	28-FEB-2020 12:28
ACC Reference	NONSH/DINESH KUMAR/KHARAR
ESI Certificate No	IN-PB08756449574990S
Purchased By	SAHIL KAUSHAL AND KUSUM KAUSHAL
Registration Fees Paid By	SAHIL KAUSHAL AND KUSUM KAUSHAL
Property Description	D-301 PALM VILLAGE TOWER-D 3RD FLOOR SEC-126 TEH KHARAR MOHALI
Purpose	23 - Conveyance

Particulars	Amount (Rs.)
Registration Fees	₹56000
Mutation Fees	₹300
Pasting Fees	₹200
PLRS Facilitation Charges	₹5000
Infrastructure Development Fees	₹56000
Service Charges	₹200
Total Amount	₹117700

(Rupees One Lakh Seventeen Thousand Seven Hundred Only)

Statutory Alert : This is a receipt of fees collected and should not be treated as receipt of Registration. The authenticity of e-Registration Fee Receipt can be be verified at website i.e. https://www.shcilestamp.com/Registration/ .

ਦੇਸੂਮਾਜਰਾ ,ਐਮ.ਸੀ. ਖਰੜ, ਜਿਲ੍ਹਾ ਸਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ(ਪੰਜਾਬ),ਵਿੱਚ ਸਾਂਝੇ ਤੌਰ ਤੇ 92 ਕਨਾਲ 19 ਮਰਲੇ ਜਮੀਨ ਖਰੀਦ ਕਰਕੇ ਇਸ ਜਮੀਨ ਵਿੱਚ "ਪਾਰਸ ਪਨੋਰਮਾ ਪ੍ਰੋਜੈਕਟ ਦੀ ਬਾਬਤ ਮਹਿਕਮਾ ਟਾਉਨ ਐਂਡ ਕੰਟਰੀ ਪਲਾਨਿੰਗ ਡਿਪਾਰਟਮੈਂਟ ਦੇ ਪੱਤਰ ਨੰਬਰ:- CTP(LG)ATP(S) 2006/5052,ਮਿਤੀ-20-06-2006 ਰਾਹੀਂ ਤਕਨੀਕੀ ਕਲੀਅਰੈਂਸ ਹਾਂਸਲ ਕੀਤੀ ਹੋਈ ਹੈ ਅਤੇ ਇਸਦੇ ਰਿਵਾਇਜਡ ਨਕਸ਼ਿਆ ਦੀ ਪ੍ਰਵਾਨਗੀ ਦਫਤਰ ਨਗਰ ਕੌਂਸਲ ,ਖਰੜ ਦੇ ਪੱਤਰ ਨੰਬਰ:-1921,ਮਿਤੀ-28-11-2014 ਰਾਹੀਂ ਹਾਂਸਲ ਕੀਤੀ ਹੋਈ ਹੈ। ਮੈਸ ਡਾਇਨੈਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ ਉਕਤ ਨੇ ਮੈਮੋਰੈਂਡਮ ਆਫ ਅੰਡਰਸਟੈਂਡਿੰਗ ਮਿਤੀ-01-06-2011 ਅਤੇ ਇਕਰਾਰਨਾਮਾ ਮਿਤੀ-21-09-2012 ਵਾ ਮੁਖਤਿਆਰਨਾਮਾ ਆਮ ਨੰਬਰ:218,ਮਿਤੀ-21-09-2012 ,ਸਬ-ਰਜਿਸਟਰਾਰ ,ਖਰੜ ਦੇ ਮੁਤਾਬਿਕ ਆਪਣੀ ਮਲਕੀਤੀ ਵਾ ਕਬਜੇ ਵਾਲੀ ਕੁਲ ਜਮੀਨ 52 ਕਨਾਲ 1 ਮਰਲੇ ਦੀ ਬਾਬਤ ਮੈਸ: ਬੀ.ਜੀ. ਬਿਲਟੈਕ ਨੂੰ ਅਖਤਿਆਰ ਦਿੱਤੇ ਹੋਏ ਹਨ । ਬੀ.ਜੀ. ਬਿਲਟੈਕ ਨੇ ਉਕਤ ਦਰਜ ਮੈਮੋਰੈਂਡਮ/ਇਕਰਾਰਨਾਮਾ ਅਤੇ ਮੁਖਤਿਆਰਨਾਮਾ ਆਮ ਦੀ ਬਿਨਾਪੁਰ ਉਕਤ ਦਰਜ 52 ਕਨਾਲ 1 ਮਰਲੇ ਜਮੀਨ ਵਿੱਚ ਡਾਇਨੈਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ ਦੇ ਪਾਰਸ ਪਨੋਰਮਾ ਪ੍ਰੋਜੈਕਟ ਦੀ ਬਾਬਤ ਮਿਲੀ ਅਪਰੂਵਲਾ ਦੇ ਆਧਾਰ ਤੇ "PALM VILLAGE" ਨਾਮ ਤੇ ਇੱਕ ਮਲਟੀ ਸਟੋਰੀ ਗਰੁੱਪ ਹਾਉਸਿੰਗ ਪ੍ਰਜੈਕਟ ਤਾਮੀਰ ਕੀਤਾ ਹੋਇਆ ਹੈ ਅਤੇ ਇਹ ਅਪਾਰਟਮੈਂਟ " ਦਾ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1995-96 " ਦੇ ਅਧੀਨ ਵੇਚਿਆ ਜਾ ਰਿਹਾ ਹੈ। ਉਪਰੋਕਤ ਪ੍ਰੋਜੈਕਟ ਹਰ ਕਿਸਮ ਦੇ ਭਾਰ ਤੋਂ ਬਰੀ ਅਤੇ ਪਾਕ ਹੈ। ਹੁਣ ਬੀ.ਜੀ. ਬਿਲਟੈਕ ਰਾਹੀਂ ਅਥੋਰਾਈਜਡ ਸਿਗਨੇਟਰੀ ਬਾ-ਹੈਸੀਅਤ ਮੁ:ਆਮ ਡਾਇਨੈਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ ਉਕਤ ਦੀ ਮਲਕੀਤੀ ਵਾਲੇ ਪਾਰਸ ਪਨੋਰਮਾ ਪ੍ਰੋਜੈਕਟ ਦੀ ਕੁਲ ਜਮੀਨ 92 ਕਨਾਲ 19 ਮਰਲੇ ਵਿੱਚੋ 52 ਕਨਾਲ 1 ਮਰਲੇ ਵਿੱਚ ਆਪਣੇ ਵੱਲੋਂ ਤਾਮੀਰ ਕੀਤੇ ਗਰੁੱਪ ਹਾਉਸਿੰਗ ਪ੍ਰੋਜੈਕਟ "ਪਾਮ ਵਿਲੇਜ" ਦਾ ਇੱਕ **ਯੂਨਿਟ ਨੰਬਰ:-301 ਤੀਜੀ ਫਲੌਰ, ਟਾਵਰ-ਡੀ**, ਪਾਮ ਵਿਲੇਜ਼,ਪਾਰਸ ਪਨੋਰਮਾ ਪ੍ਰਜੈਕਟ, ਪਿੰਡ ਫਤਿਹਉਲਾਪੁਰ ਅਤੇ ਦੇਸੂਮਾਜਰਾ ,ਤਹਿਸੀਲ ਖਰੜ ਜਿਲ੍ਹਾ ਐਸ.ਏ.ਐਸ ਨਗਰ , ਦੀ ਸਾਂਝੀ ਜਮੀਨ ਵਿੱਚ ਬਣਾਇਆ ਗਿਆ ਹੈ, ਸਣੇ ਜਮੀਨ ਅਧੀਨ(ਹੇਠ) ਸਬੰਧਤ ਬਿਲਡਿੰਗ ਦਾ ਅਨੁਪਾਤਿਕ ਬਿਨਾ ਤਕਸੀਮਯੋਗ ਹਿੱਤ,ਹਿੱਸਾ **ਬਕਦਰ 0 ਕਨਾਲ 2/3 ਮਰਲਾ ਖਾਤਾ ਨੰਬਰ:-208/227, ਖਸਰਾ ਨੰਬਰ:-32//20/1(6-4),33//25/1/1(1-11),** 35//4/1/1(1-8), 5(1-15), 33//25/2/2(0-18), 25/1/2(1-16), 25/2/1(1-16), 25/3(1-15) **ਕਿਤੇ 8 ਰਕਬਾ 17 ਕਨਾਲ 3 ਮਰਲੇ ਦਾ 2/1029 ਹਿਸਾ ਬਕਦਰ 0-2/3 ਮਰਲੇ ਵਾਕਿਆ ਮੌਜਾ ਦੇਸੂਮਾਜਰਾ ਹਦਬਸਤ ਨੰਬਰ:-31 ਤਹਿਸੀਲ ਖਰੜ ਜਿਲ੍ਹਾ ਮੋਹਾਲੀ** (ਕੋਈ ਵੀ ਇੱਕ,ਜਿਸ ਵਿੱਚ ਮੌਕੇ ਤੇ ਯੂਨਿਟ/ਬਲਾਕ ਬਣਿਆ ਹੋਇਆ ਹੈ),ਤਹਿਸੀਲ ਖਰੜ ਜਿਲ੍ਹਾ ਐਸ.ਏ.ਐਸ ਨਗਰ ,ਬਿਨਾਂ ਉਪਰ ਵਾਲੀ ਛੱਤ/ਟੈਰੇਸ ਅਤੇ ਨੀਚੇ ਵਾਲਾ ਫਰਸ਼ ,ਆਪਣੀ ਪੂਰੀ ਸੁਧ ਬੁਧ ਨਾਲ, ਬਿਨਾਂ ਕਿਸੇ ਜਬਰ ਵਾ ਦਬਾਅ ਦੇ ਇਹ ਅੰਦਰੂਨੀ ਅਪਾਰਟਮੈਂਟ ਸਣੇ ਅੰਦਰੂਨ ਛੱਤ ਅਤੇ ਅੰਦਰੂਨ ਫਰਸ਼,ਸਣੇ ਸਾਰੇ ਹੱਕ ਹਕੂਕ ਸਬੰਧਤ ਬਦਲੇ ਮੁਬਲਿਗ-56,00,000/-ਰੁਪਏ (ਛਪੰਜਾ ਲੱਖ ਰੁਪਏ) ਅੱਧ ਜਿਹਨਾਂ ਦੇ 28,00,000/-ਰੁਪਏ ਹੁੰਦੇ ਹਨ ਪਾਸ ਸ੍ਰੀ ਸਾਹਿਲ ਕੌਸ਼ਲ ਪੁੱਤਰ ਲੇਟ ਸ੍ਰੀ ਰਾਜ ਕੁਮਾਰ ਕੌਸ਼ਲ ਪੁੱਤਰ ਸ੍ਰੀ ਬਲਦੇਵ ਕ੍ਰਿਸ਼ਨ ਕੌਸ਼ਲ 44/34300 ਹਿੱਸਾ ਅਤੇ ਸ੍ਰੀਮਤੀ ਕੁਸੁਮ ਕੌਸ਼ਲ ਪਤਨੀ ਲੇਟ ਸ੍ਰੀ ਰਾਜ ਕੁਮਾਰ ਕੌਸ਼ਲ ਪੁੱਤਰ ਸ੍ਰੀ ਬਲਦੇਵ ਕ੍ਰਿਸ਼ਨ ਕੌਸ਼ਲ 22/34300 ਹਿੱਸਾ ਵਾਸੀਆਨ ਮ.ਨੰ: 133-ਬੀ ਭਗਵਾਨਪੁਰ ਰੋਡ, ਸਮਰਾਲਾ (ਪੰਜਾਬ) (ਇਸ ਨੂੰ ਇਸ ਵਸੀਕਾ ਬੈਨਾਮਾ ਵਿੱਚ ਇਸ ਮਗਰੋਂ "ਖਰੀਦਦਾਰ" ਕਿਹਾ ਗਿਆ ਹੈ),ਕੋਲ ਬੈ ਕਤਈ ਵਾ ਫਰੋਖਤ ਕਰਕੇ ਇਕਰਾਰੀ ਹੂੰ ।

ਇਹ ਕਿ ਉਕਤ ਸਾਹਿਲ ਕੌਸ਼ਲ ਨੂੰ ਉਕਤ ਫਲੈਟ/ਅਪਾਰਟਮੈਂਟ ਦਾ 2/3 ਹਿੱਸਾ ਅਤੇ ਕੁਸੁਮ ਕੌਸ਼ਲ ਨੂੰ 1/3 ਹਿੱਸਾ ਬੈ ਕੀਤਾ ਗਿਆ ਹੈ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਲਿਖਿਤ ਵਿੱਚ ਕਿਸੇ ਲਿੰਗ ਜਾਂ ਕਿਸੇ ਬਦ ਦੇ ਇਕ ਜਾਂ ਬਹੁਵਚਨ ਦੀ ਵਰਤੋਂ ਦਾ ਅਰਥ ਇਸ ਲਿਖਿਤ ਜਾਂ ਇਸ ਲਿਖਿਤ ਦੀ ਕਿਸੇ ਖਾਸ ਧਾਰਾ ਦੇ ਪ੍ਰਸੰਗ ਵਿਚ ਢੁਕਵਾਂ ਅਰਥ ਸਮਝਿਆ ਜਾਵੇਗਾ ਅਤੇ ਪ੍ਰਸੰਗ ਅਨੁਸਾਰ ਉਸੇ ਤਰ੍ਹਾਂ ਉਸ ਨੂੰ ਪੜਿਆ ਜਾਵੇਗਾ ਅਤੇ ਉਸ ਤਰ੍ਹਾਂ ਹੀ ਉਸਦਾ ਮਤਲਬ ਕਢਿਆ ਜਾਵੇਗਾ ।

(ੳ) ਮੈਸਰਜ ਬੀ ਜੀ ਬਿਲਟੈਕ ਜਿਸਨੂੰ ਇਸ ਤੋਂ ਬਾਦ ਵਿਕਰੇਤਾ ਕਿਹਾ ਜਾਵੇਗਾ ,ਜਮੀਨ ਦੇ ਸਹੀ ਰੂਪ ਵਿੱਚ ਮਾਲਕ ਹਨ ਅਤੇ ਇਸ ਲਈ ਤਹਿਸੀਲ ਖਰੜ ਜਿਲ੍ਹਾ ਮੋਹਾਲੀ (ਪੰਜਾਬ) ਵਿੱਚ ਪਾਮ ਵਿਲੇਜ਼ ਪ੍ਰੋਜੈਕਟ ਦਾ ਵਿਕਾਸ ਕਰਨ ਲਈ ਅਧਿਕਾਰਿਤ ਹੈ ।

(ਅ) ਜਦਕਿ ਵਿਕਰੇਤਾ ਨੇ ਆਪਣੇ ਤੌਰ ਤੇ ਮੈਸਰਜ ਡਾਇਨੈਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ ਤੋਂ ਕੁਝ ਹਿੱਸਾ ਜਮੀਨ ਲੈ ਕੇ ਉਕਤ ਰਿਹਾਇਸ਼ੀ ਕੰਪਲੈਕਸ (ਪਾਮ ਵਿਲੇਜ਼) ਦੇ ਵਿਕਾਸ ਦੀ ਯੋਜਨਾ ਬਣਾਈ ਹੈ।

(ੲ) ਵਿਕਰੇਤਾ ਨੇ ਉਕਤ ਜਮੀਨ ਉਪਰ ਉਕਤ ਰਿਹਾਇਸੀ ਕੰਪਲੈਕਸ ਜਿਸਦਾ ਨਾਮ ਪਾਮ ਵਿਲੇਜ਼ ਤਹਿਸੀਲ

ਖਰਡ ਜਿਲ੍ਹਾ ਮੋਹਾਲੀ ਦਾ ਵਿਕਾਸ ਡਾਇਰੈਕਟਰ ਟਾਉਨ ਅਤੇ ਕੰਟਰੀ ਪਲਾਨਿੰਗ,ਪੰਜਾਬ ਵਲੋਂ ਪ੍ਰਵਾਨਿਤ ਬਿਲਡਿੰਗ ਨਕਸ਼ਿਆ ਅਨੁਸਾਰ ਕੀਤਾ ਹੈ।

(ਸ) ਖਰੀਦਦਾਰ ਨੇ ਵਿਕਰੇਤਾ ਜਾਂ ਉਸਦੇ ਨੁਮਾਇੰਦੇ ਦੇ ਬਿਆਨ ਸੰਸਕਰਣ ਤੇ ਵਿਸ਼ਵਾਸ ਨਾ ਕਰਦੇ ਹੋਏ ਖਰੀਦਦਾਰ ਨੇ ਖੁਦ ਉਕਤ ਜਮੀਨ ਦੀ ਮਲਕੀਤੀ ਦਾ ਰਿਕਾਰਡ ਅਤੇ ਹੋਰ ਮਲਕੀਤੀ ਯੋਗਤਾ ਅਤੇ ਹੋਰ ਸਬੰਧਤ ਵੇਰਵੇ ਸਬੰਧੀ ਖਰੀਦਦਾਰ ਦੀ ਤੱਸਲੀ ਲਈ ਇਹਨਾਂ ਦਾ ਨਿਰਿਖਣ ਕੀਤਾ ਹੈ ।

(ਹ) ਖਰੀਦਦਾਰ ਨੇ ਤੱਥਾਂ ਦੀ ਪੂਰਤੀ,ਤੱਸਲੀ ਕਰਨ ਤੋਂ ਬਾਅਦ ਉਕਤ ਬਹੁਮੰਜਲੀ ਬਿਲਡਿੰਗ ਵਿੱਚ ਵਿਕਰੇਤਾ ਨੂੰ ਇੱਕ ਰਿਹਾਇਸ਼ੀ **ਯੂਨਿਟ ਨੰਬਰ:-301 ਤੀਜੀਂ ਫਲੋਰ, ਟਾਵਰ-ਡੀ,** ਵਿੱਚ ਅਲਾਟ ਕਰਨ ਲਈ ਦਰਖਾਸਤ ਦਿੱਤੀ ਹੈ ।

(ਕ) ਵਿਕਰੇਤਾ ਨੇ ਖਰੀਦਦਾਰ ਦੀ ਦਰਖਾਸਤ ਪ੍ਰਵਾਨ ਕਰ ਲਈ ਹੈ ਉਸਨੂੰ ਇੱਕ **ਯੂਨਿਟ ਨੰਬਰ:-301 ਤੀਜੀ ਫਲੌਰ, ਟਾਵਰ-ਡੀ,** ਵਿੱਚ ਅਲਾਟ ਕਰ ਦਿੱਤਾ ਹੈ।

(ਖ) ਖਰੀਦਦਾਰ ਇਕਰਾਰ ਕਰਦਾ ਹੈ ਅਤੇ ਮੰਨਦਾ ਹੈ ਕਿ ਫਲੈਟ ਦੀ ਮਲਕੀਤੀ ਅਤੇ ਕਬਜਾ ਕਈ ਪਾਬੰਦੀਆਂ ਅਤੇ ਜਿੰਮੇਵਾਰੀਆਂ ਅਧੀਨ ਹੋਵੇਗਾ , ਜੋ ਕਿ ਵੇਰਵੇ ਅਨੁਸਾਰ ਇਸ ਇਕਰਾਰਨਾਮਾ ਵਿੱਚ ਦਿੱਤੇ ਗਏ ਹਨ ਅਤੇ ਜੋ ਕਿ ਸਮੇਂ ਸਮੇ ਦਿੱਤੇ ਜਾਣਗੇ ਅਤੇ ਖਰੀਦਦਾਰ ਆਪਣੇ ਆਪ ਨੂੰ ਅਜਿਹਾ ਕਰਨ ਲਈ ਪੇਸ਼ ਕਰਦਾ ਹੈ

ਹੁਣ ਇਸ ਲਈ ਇਹ ਬੈਨਾਮਾ ਹੇਠ ਲਿਖੇ ਵੇਰਵਿਆ ਦੀ ਤਸਦੀਕ ਕਰਦਾ ਹੈ :-

1. ਇਹ ਕਿ ਖਰੀਦਦਾਰ ਵਲੋਂ **ਮੁਬਲਿਗ 56,00,000/-(ਛਪੰਜਾ ਲੱਖ ਰੁਪਏ)** ਵਿਕਰੇਤਾ ਨੂੰ ਅਦਾ ਕੀਤੇ ਗਏ,ਨੂੰ ਧਿਆਨ ਵਿੱਚ ਰੱਖਦੇ ਹੋਏ ਜਿਸਦਾ ਵੇਰਵਾ ਅਦਾਇਗੀ ਸੂਚੀ ਵਿੱਚ ਲਿਖਿਆ ਗਿਆ ਹੈ,ਵਿਕਰੇਤਾ ਉਕਤ ਫਲੈਟ ਨੂੰ ਖਰੀਦਦਾਰ ਨੂੰ ਵੇਚਦਾ ਅਤੇ ਬੈ ਕਰਦਾ ਹੈ ਅਤੇ ਤਬਦੀਲ ਕਰਦਾ ਹੈ ਜੋ ਕਿ ਹਰ ਤਰ੍ਹਾਂ ਨਾਲ ਭਾਰ ਤੋਂ ਮੁਕਤ ਹੈ , ਜਿਸ ਉਪਰ ਕਿਸੇ ਦਾ ਕੋਈ ਹੱਕ ਹਕੂਕ ਨਹੀ ਹੈ ਅਤੇ ਖਰੀਦਦਾਰ ਇਸ ਨੂੰ ਲੈਣ ਅਤੇ ਇਸ ਦਾ ਆਨੰਦ ਮਾਨਣ ਲਈ ਤਿਆਰ ਹੈ ਅਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਇਸਨੂੰ ਲੈਣ ,ਇਸਦਾ ਆਨੰਦ ਮਾਨਣ ਅਤੇ ਆਪਣੇ ਨਾਮ ਤੇ ਤਬਦੀਲ ਕਰਨ ਲਈ ਇਕਰਾਰ ਕਰਦਾ ਹੈ ।

2. ਇਹ ਕਿ ਖਰੀਦਦਾਰ ਨੇ ਚੰਗੀ ਤਰ੍ਹਾਂ ਸਮਝ ਲਿਆ ਹੈ , ਅਤੇ ਮੰਨਦਾ ਹੈ ਕਿ ਉਕਤ ਫਲੈਟ ਦੀ ਵਿਕਰੀ ਕੀਮਤ ਕਢਣ ਲਈ ਉਕਤ ਫਲੈਟ ਦੇ ਸੁਪਰ ਰਕਬੇ ਵਿੱਚ ਛੱਤਿਆ ਹੋਇਆ ਰਕਬਾ ,ਨਾਲ ਲਗਦੀਆਂ ਦੀਵਾਰਾਂ ਅਧੀਨ ਰਕਬਾ ,ਥੰਮਾਂ ਅਤੇ ਫਲੈਟ ਦੇ ਅੰਦਰ ਦੀਆਂ ਦੀਵਾਰਾਂ ,ਕੱਪ ਬੋਰਡਾਂ , ਉਕਤ ਫਲੈਟ ਦੇ ਨਾਲ ਲਗਦੇ ਪਲਾਨਿੰਗ ,ਸ਼ਾਫਟਾਂ ,ਬਾਲਕੋਨੀਆਂ ਅਧੀਨ ਰਕਬਾ ,ਸਾਂਝੀ ਵਰਤੋਂ ਲਈ ਛੱਤ ਦੇ ਹਿੱਸੇ ਅਤੇ ਸੇਵਾਵਾਂ ਅਤੇ ਹੋਰ ਸਾਂਝੀ ਵਰਤੋਂ ਲਈ ਰਕਬੇ ਅਤੇ ਸਹੂਲਤਾਂ ਸ਼ਾਮਲ ਹੋਣਗੇ ।

3. ਦੋਵੇਂ ਧਿਰਾਂ ਮੰਨਦੀਆਂ ਹਨ ਕਿ ਵਿਕਰੇਤਾ ਵਲੋਂ ਖਰੀਦਦਾਰ ਨੂੰ ਸਾਂਝੇ ਰਕਬੇ ਸੇਵਾਵਾ ਅਤੇ ਸਹੂਲਤਾ ਅਤੇ ਹਾਉਸਿੰਗ ਪ੍ਰੋਜੈਕਟ ਵਿੱਚ ਸਾਂਝੀਆਂ ਉਸਾਰੀਆਂ ਜਿਵੇਂ ਮੇਨ ਹਾਲ,ਸਾਝੀਆਂ ਛੱਤਾ,ਵਰਾਂਡੇ ,ਪੌੜੀਆਂ,ਅੱਗ ਲੱਗਣ ਤੇ ਬਾਹਰ ਨਿਕਲਣ ਦੇ ਰਸਤੇ,ਬਿਲਡਿੰਗ ਦੇ ਅੰਦਰ ਅਤੇ ਬਾਹਰ ਜਾਣ ਵਾਲੇ ਰਸਤੇ,ਹੋਰ ਰਸਤੇ,ਡਰਾਈਵ ਰਸਤੇ,ਬਾਗ ਸੁਰੱਖਿਆ ਲਈ ਜਗ੍ਹਾ ਜੋ ਕਿ ਲੋੜੀਂਦੀ ਹੈ ਜਾਂ ਸਾਝੀ ਵਰਤੋਂ ਲਈ ਨਿਸ਼ਚਿਤ ਹੈ , ਜਿਸ ਵਿੱਚ ਸਾਂਝੀਆਂ ਸੇਵਾਵਾ ਜਿਵੇਂ ਬਿਜਲੀ,ਲਾਈਟ,ਪਾਣੀ,ਸਿਵਰੇਜ,ਲਿਫਟਾਂ,ਟੈਂਕ, ਪੰਪ, ਪੰਪ ਦੇ ਕਮਰੇ, ਐਲ ਟੀ ਕਮਰੇ,ਗਾਰਡ ਕਮਰੇ,ਮੇਨ ਗੇਟ,ਸਾਂਝਾ ਸਟੀਲਟ ਪਾਰਕਿੰਗ ਏਰੀਆ, ਐਚ ਟੀ ,ਮੀਟਿੰਗ ਕਮਰਾ,ਨਾਲੀਆਂ,ਪੌੜੀਆਂ ਅਧੀਨ ਰਕਬਾ,ਬਾਲਕੋਨੀਆਂ,ਹਰ ਕਿਸਮ ਦੀਆਂ ਸ਼ਾਫਟਾਂ ,ਕੂੜੇ ਲਈ ਰਕਬਾ ਅਤੇ ਅਜਿਹੇ ਹੋਰ ਰਕਬਿਆਂ ਦੀ ਵਰਤੋਂ ਦਾ ਪੂਰਣ ਹੱਕ ਦਿੱਤਾ ਗਿਆ ਹੈ ਅਤੇ ਉਸਦਾ ਸਹਿਜੇ ਹੀ ਉਹਨਾਂ ਨੂੰ ਉਹਨਾਂ ਖੇਤਰਾਂ ਦੀ ਪਹੁੰਚ ਦਾ ਹੱਕ ਹੋਵੇਗਾ ਜਿਸ ਵਿੱਚ ਜਨਰੇਟਰਾਂ ਨੂੰ ਲਵਾਉਣ ਅਤੇ ਰੱਖਣ ਦੀ ਜਗ੍ਹਾ ਅਤੇ ਹੋਰ ਅਜਿਹੀਆਂ ਸਹੂਲਤਾਂ ਸ਼ਾਮਿਲ ਹੋਣਗੀਆਂ ਅਤੇ ਅਜਿਹੀਆਂ ਸਹੂਲਤਾਂ ਦੇਣ ਕਰਕੇ ਹਾਉਸਿੰਗ ਪ੍ਰੋਜੈਕਟ ਵਿੱਚ ਖਰੀਦਦਾਰ ਵਲੋਂ ਵਰਤੇ ਜਾਣ ਵਾਲਾ ਰਕਬਾ ਉਸਦੇ ਫਲੈਟ ਨਾਲੋਂ ਵੱਧ ਹੋਵੇਗਾ ਜਿਸਦਾ ਨਾਮ ਸੁਪਰ ਰਕਬਾ ਹੋਵੇਗਾ ।

4. ਜਦ ਕਿ ਸੁਪਰ ਰਕਬੇ ਦਾ ਮਤਲਬ ਉਕਤ ਯੂਨਿਟ ਦਾ ਛੱਤਿਆ ਹੋਇਆ ਰਕਬਾ ਜਿਸ ਵਿੱਚ ਫਿਰਨੀ ਦੀਵਾਰ ਦਾ ਸਾਰਾ ਰਕਬਾ , ਦੀਵਾਰਾਂ ਅਧੀਨ ਰਕਬਾ ,ਮੰਮਟੀਆਂ,ਬਾਲਕੌਨੀਆਂ ਅਧੀਨ ਰਕਬਾ,ਫਲੈਟ ਦੇ ਅੰਦਰ ਥੰਮਾਂ ਅਤੇ ਦੀਵਾਰਾਂ ਅਧੀਨ ਰਕਬਾ , ਉਕਤ ਫਲੈਟ ਦੇ ਨਾਲ ਲਗਦੀਆਂ ਪਲੰਬਿੰਗ ਸ਼ਾਫਟਾਂ ,ਛੱਤਾਂ ਦੇ ਹਿੱਸੇ ਜੋ ਕਿ ਉਕਤ ਫਲੈਟ ਦਾ ਪੂਰਣ ਹਿੱਸਾ ਹਨ ਅਤੇ ਜਦਕਿ ਸਾਂਝੇ ਰਕਬੇ ਦਾ ਮਤਲਬ ਉਕਤ ਕੰਪਲੈਕਸ ਵਿੱਚ ਅਜਿਹੇ ਹਿੱਸੇ ਰਕਬੇ, ਜੋ ਕਿ ਅਲਾਟੀ ਦੂਜੇ ਅਲਾਟੀਆਂ ਨਾਲ ਸਾਂਝੇ ਤੌਰ ਤੇ ਵਰਤਣਗੇ , ਜਿਸ ਵਿੱਚ ਅੰਦਰ ਆਉਣ ਜਾਣ ਲਈ ਕਨੌਪੀ,ਲਾਬੀ,ਬਾਲਕੌਨੀ,ਸੇਵਾਵਾਂ ਲਈ ਪ੍ਰੋਜੈਕਸ਼ਨ,ਹੋਰ ਪ੍ਰੋਜੈਕਸ਼ਨ,ਸਾਂਝੇ ਰਕਬੇ ਵਿੱਚ ਥੰਮ ,ਮਸ਼ੀਨਾ ਲਈ ਅਤੇ ਰੱਖ ਰਖਾਓ ਵਾਸਤੇ ਫਰਸ਼ੀ,ਐਟਰੀਮ ਜੇ ਹੋਵੇ ,ਵਰਾਂਡੇ ਅਤੇ ਰਸਤੇ ,ਸੜਕਾਂ ,ਸਲਜ ਰਕਬਾ ਜੇ ਹੋਵੇ,ਪਾਰਕ ਰੈਂਪ,ਸਾਂਝੇ ਟਾਇਲਟ,ਸੁਰੱਖਿਆ ਅੱਗ ਕੰਟਰੋਲ ਕਮਰੇ,(ਜੇ ਵਿਵਸਥਾ ਕੀਤੀ ਹੋਵੇ),ਲੀਫਟ ਬਿਜਲੀ ਪੌੜੀ,ਸਾਰੇ ਫਰਸ਼ਾਂ ਤੇ ਲਾਬੀਆਂ ,ਲਿਫਟ ਸ਼ਾਫਟਾਂ,ਸਾਰੇ ਬਿਜਲੀ ਪਲੰਬਿੰਗ ਅਤੇ ਅੱਗ ਸ਼ਾਫਟ ਜੋ ਸਾਰੇ ਫਰਸ਼ਾਂ ਤੇ ਹੋਣ ਅਤੇ

ਕਮਰੇ ਜੇ ਹੋਣ ,ਪੌੜੀਆਂ,ਮੰਮਟੀਆਂ,ਕੂੜੇ ਲਈ ਰਕਬਾ,ਲਿਫਟ ਮਸ਼ੀਨ ਕਮਰੇ ਅਤੇ ਜਮੀਨ ਹੇਠ ਅਤੇ ਉਪਰ ਪਾਣੀ ਦੇ ਟੈਂਕ ਆਦਿ ਇਸ ਤੋਂ ਇਲਾਵਾ ਉਹ ਰਕਬਾ ਜਿਸ ਵਿੱਚ ਬਿਜਲੀ ਸਬਸਟੇਸ਼ਨ,ਟਰਾਂਸਫਾਰਮਰ,ਡੀ.ਜੀ.ਸੈਟ ਕਮਰੇ,ਧਰਤੀ ਹੇਠ ਪਾਣੀ ਟੈਂਕ,ਪੰਪ ਕਮਰੇ, ਪ੍ਰਬੰਧਕੀ ਦਫਤਰ(ਜੇ ਹੋਵੇ) ,ਪ੍ਰਸਾਸਕ ਦਫਤਰ (ਜੇ ਹੋਵੇ)ਅੱਗ ਬੁਝਾਓ ਪੰਪ ਅਤੇ ਸਮਾਨ ,ਘੁੰਮਣ ਲਈ ਰਕਬਾ ਆਦਿ ਇਹ ਸਾਰੇ ਸਾਂਝੇ ਰਕਬੇ ਵਿੱਚ ਗਿਣੇ ਜਾਣਗੇ। ਇਸ ਸਬੰਧ ਵਿੱਚ ਵਿਕਰੇਤਾ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਖਰੀਦਦਾਰ ਤੇ ਲਾਗੂ ਹੋਵੇਗਾ ।

5. ਇਹ ਕਿ ਦੋਹਾਂ ਧਿਰਾਂ ਦਰਮਿਆਨ ਸਪਸ਼ਟ ਤੌਰ ਤੇ ਮੰਨਿਆ ਅਤੇ ਸਮਝਿਆ ਜਾਂਦਾ ਹੈ ਕਿ ਉਕਤ ਫਲੈਟ ਦਾ ਸੁਪਰ ਰਕਬਾ ਕਢਣ ਲਈ ਸਾਂਝੇ ਰਕਬੇ ਦੇ ਕੁਝ ਹਿੱਸੇ ਨੂੰ ਭਾਵੇਂ ਸ਼ਾਮਿਲ ਕੀਤਾ ਗਿਆ ਹੈ ਪਰ ਫਿਰ ਵੀ ਇਹ ਕੇਵਲ ਫਲੈਟ ਦੀ ਅੰਦਰਲੀ ਜਗ੍ਹਾ ਹੀ ਖਰੀਦਦਾਰ ਨੂੰ ਵੇਚਣ ਲਈ ਸਹਿਮਤੀ ਦਿੱਤੀ ਗਈ ਹੈ। ਸਾਂਝੇ ਰਕਬੇ ਨੂੰ ਸ਼ਾਮਿਲ ਕਰ ਲੈਣ ਨਾਲ ਸਾਂਝੇ ਰਕਬੇ ਉਪਰ ਖਰੀਦਦਾਰ ਦਾ ਸੁਤੰਤਰ ਰੂਪ ਵਿੱਚ ਕੋਈ ਹੱਕ ਨਹੀ ਹੈ, ਜੋ ਕਿ ਵਿਕਰੇਤਾ ਪਾਸ ਹੀ ਰਹੇਗਾ। ਖਰੀਦਦਾਰ ਨੂੰ ਅੰਦਰ ਅਤੇ ਬਾਹਰ ਜਾਣ ਦਾ ਹੱਕ ਹੋਵੇਗਾ ਅਤੇ ਅਜਿਹੀਆਂ ਸਹੂਲਤਾਂ ਦੀ ਵਰਤੋਂ ਕਰਨ ਦਾ ਹੱਕ ਹੋਵੇਗਾ ਜੋ ਕਿ ਉਕਤ ਫਲੈਟ ਦਾ ਲਾਭਦਾਇਕ ਅੰਨਦ ਮਾਨਣ ਲਈ ਬਹੁਤ ਹੀ ਜਰੂਰੀ ਹੋਵੇ ।

6. ਹਾਊਸਿੰਗ ਪ੍ਰੋਜੈਕਟ ਵਿੱਚ ਸਾਰੇ ਸਾਂਝੇ ਰਕਬੇ ਅਤੇ ਪਲਾਂਟ ਅਤੇ ਸਹੂਲਤਾਂ ਵਿਕਰੇਤਾ ਦੀ ਸੰਪਤੀ ਹੋਵੇਗੀ,ਜੋ ਕਿ ਸਾਂਝੇ ਰਕਬਿਆ ਦੇ ਵਿਕਾਸ ਅਤੇ ਰੱਖ ਰਖਾਓ ਲਈ ਜੁੰਮੇਵਾਰ ਹੋਵੇਗਾ। ਖਰੀਦਦਾਰ ਸਹਿਮਤ ਹੈ ਕਿ ਕੱਲਬ ਹਾਉਸ ਆਦਿ ਲਈ ਵਰਤੇ ਜਾਣ ਵਾਲੇ ਰਕਬੇ ਉਕਤ ਫਲੈਟ, ਬਿਲਡਿੰਗ ਦਾ ਸਾਂਝਾ ਜਾਂ ਆਮ ਰਕਬੇ ਦਾ ਭਾਗ ਨਹੀ ਹੋਵੇਗਾ ਅਤੇ ਇਸ ਦੀ ਮਲਕੀਤੀ ਜਮੀਨ ਮਾਲਕ ਵਿਕਰੇਤਾ ਦੇ ਪਾਸ ਹੀ ਰਹੇਗੀ ਅਤੇ ਵਿਕਰੇਤਾ ਨੂੰ ਆਪਣੀ ਮਰਜੀ ਅਨੁਸਾਰ ਕਿਸੇ ਵੀ ਸਮੇਂ ਕਲੱਬ ਹਾਉਸ ਨੂੰ ਤਬਦੀਲ ਕਰਨ, ਵੇਚਣ,ਸਪੁਰਦ ਕਰਨ,ਕਿਸੇ ਤੀਜੀ ਧਿਰ ਨੂੰ ਨਾਮਜ਼ਦ ਕਰਨ ਦਾ ਹੱਕ ਰਾਖਵਾਂ ਹੋਵੇਗਾ। ਖਰੀਦਦਾਰ ਨੂੰ ਜਮੀਨ ਜੋ ਕਿ ਕਲੱਬ ਹਾਉਸ ਆਦਿ ਲਈ ਰਾਖਵੀਂ ਹੈ ਉਪਰ ਕਿਸੇ ਵੀ ਕਿਸਮ ਦਾ ਕੋਈ ਹੱਕ ਹਕੂਕ ਨਹੀ ਹੋਵੇਗਾ। ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1955 ਅਧੀਨ ਘੋਸ਼ਣਾ ਲਿਖਤ ਦੇਣ ਸਮੇਂ ਵਿਕਰੇਤਾ ਸਾਂਝੇ ਰਕਬਿਆਂ ਦੀ ਪਰਿਭਾਸ਼ਾ ਵਿੱਚ ਅਜਿਹੇ ਰਕਬਿਆਂ ਨੂੰ ਕਢ ਦੇਵੇਗਾ ।

7. ਖਰੀਦਦਾਰ ਸਹਿਮਤ ਹੈ ਕਿ ਉਹ ਕਲੱਬ ਸਹੂਲਤਾਂ ਤੋਂ ਇਲਾਵਾ ਹੋਰ ਸਹੂਲਤਾਂ ਜੋ ਕਿ ਖਰੀਦਦਾਰ ਕਾਬਜਾਂ ਨੂੰ ਦਿੱਤੀਆਂ ਗਈਆ ਹਨ , ਲਈ ਮੈਂਬਰਸ਼ਿਪ ਫੀਸ , ਮਹੀਨਾਵਾਰ ਚੰਦਾ,ਅਤੇ ਸਮੇਂ ਸਮੇਂ ਸਿਰ ਬਣਾਏ ਗਏ ਨਿਯਮਾਂ ਅਨੁਸਾਰ ਹੋਰ ਸਾਰੇ ਖਰਚਿਆਂ ਦੀ ਅਦਾਇਗੀ ਕਰੇਗਾ। ਕਲੱਬ ਪ੍ਰਬੰਧਕ ਕਮੇਟੀ ਵਿਕਾਸ ਕਰਤਾ ਦੀ ਸਮੇਂ ਸਮੇਂ ਮੰਗ ਅਨੁਸਾਰ ਖਰੀਦਦਾਰ ਮੈਂਬਰਸ਼ਿਪ ਫੀਸ ਜਾਂ ਹੋਰ ਖਰਚੇ ਅਦਾ ਕਰਕੇ ਕਲੱਬ ਸਹੂਲਤਾਂ ਦੀ ਵਰਤੋਂ ਕਰ ਸਕੇਗਾ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਲੱਬ ਖਰਚੇ ,ਕਿਸੇ ਵੀ ਤਰ੍ਹਾਂ ਦਾ ਚੰਦਾ,ਖਰੀਦਦਾਰ ਕਾਬਜਾਂ ਵਲੋਂ ਦਿੱਤੇ ਗਏ ਜਾਂ ਦਿੱਤੇ ਜਾਣ ਵਾਲੇ ਸੀ ਏ ਐਮ ਖਰਚਿਆਂ ਦਾ ਕਿਸੇ ਤਰ੍ਹਾਂ ਵੀ ਹਿੱਸਾ ਨਹੀ ਸਮਝੇ ਜਾਣਗੇ ।

8. ਖਰੀਦਦਾਰ ਨੂੰ ਕੇਵਲ ਇੱਕ ਕਾਰ ਪਾਰਕ ਕਰਨ ਲਈ ਪਾਰਕਿੰਗ ਜਗ੍ਹਾ ਅਲਾਟ ਕਰ ਦਿੱਤੀ ਗਈ ਹੈ ਜਿਸ ਦੀ ਲਾਗਤ ਵਿਕਰੀ ਕੀਮਤ ਵਿੱਚ ਸ਼ਾਮਲ ਹੈ ਅਤੇ ਖਰੀਦਦਾਰ ਸਹਿਮਤ ਹੈ ਕਿ ਖਰੀਦਦਾਰ ਨੂੰ ਕਾਰ ਪਾਰਕਿੰਗ ਉਪਰ ਮਲਕੀਅਤ ਜਾਂ ਵੇਚਣ ਜਾਂ ਤਬਦੀਲ ਕਰਨ ਦਾ ਕੋਈ ਹੱਕ ਨਹੀ ਹੋਵੇਗਾ । ਖਰੀਦਦਾਰ ਨੂੰ ਕਾਰ ਪਾਰਕਿੰਗ ਦੀ ਜਗ੍ਹਾ ਕੇਵਲ ਵਰਤਣ ਦਾ ਹੱਕ ਹੈ ਅਤੇ ਉਹ ਫਲੈਟ ਦੀ ਵਿਕਰੀ ਤਬਦੀਲੀ ਦੇ ਨਾਲ ਹੀ ਤਬਦੀਲ ਕੀਤੀ ਜਾਵੇਗੀ। ਖਰੀਦਦਾਰ ਨੇ ਸਹਿਮਤੀ ਦਿਤੀ ਅਤੇ ਭਰੋਸਾ ਦਿਵਾਇਆ ਹੈ ਕਿ ਇਸ ਬੈਨਾਮਾ ਦੀ ਰਜਿਸਟਰੇਸ਼ਨ ਤੋਂ ਬਾਦ ਜੇਕਰ ਖਰੀਦਦਾਰ ਕਿਸੇ ਤੀਜੀ ਧਿਰ ਨੂੰ ਵੇਚਦਾ ਹੈ ਤਾਂ ਇਸਲਈ ਖਰੀਦਦਾਰ ਨੂੰ ਰੱਖ ਰਖਾਓ ਏਜੰਸੀ ਤੋਂ ਤੀਜੀ ਧਿਰ ਦੇ ਹੱਕ ਵਿੱਚ ਤਬਦੀਲੀ ਵਿਕਰੀ ਲਈ ਨਾ ਇਤਰਾਜ ਸਰਟੀਫਿਕੇਟ ਲੈਣਾ ਹੋਵੇਗਾ।

9. ਖਰੀਦਦਾਰ ਸਹਿਮਤ ਹੈ ਅਤੇ ਇਕਰਾਰ ਕਰਦਾ ਹੈ ਕਿ ਉਹ ਹਰ ਸਮੇਂ ਵਿਕਰੇਤਾ ਨੂੰ ਮਿਲਵਰਤਣ ਦੇਵੇਗਾ ਅਤੇ ਸਮੇਂ ਸਮੇਂ ਜੋ ਵੀ ਵਿਕਰੇਤਾ ਇਸ ਇਕਰਾਰਨਾਮੇ ਦੀ ਤਸੱਲੀ ਲਈ ਅਤੇ ਵਿਕਰੇਤਾ ਦੇ ਹੱਕਾਂ ਦੀ ਰਾਖੀ ਲਈ ਅਤੇ ਹੋਰ ਫਲੈਟਾਂ ਦੇ ਮਾਲਕਾਂ ਦੇ ਹਿੱਤ ਵਿੱਚ, ਜੋ ਇਸ ਹਾਉਸਿੰਗ ਪ੍ਰੋਜੈਕਟ ਨਾਲ ਸਬੰਧਤ ਹਨ, ਸਾਰੀਆਂ ਦਰਖਾਸਤਾਂ ,ਕਾਗਜ਼ਾਤ ,ਦਸਤਾਵੇਜ, ਰੱਖ ਰਖਾਓ ਇਕਰਾਰਨਾਮਾ ਅਤੇ ਹੋਰ ਸੰਬਧਤ ਕਾਗਜ਼ਾਤ ਤੇ ਦਸਤਖਤ ਕਰੇਗਾ ਅਤੇ ਹੋਰ ਸਾਰੇ ਕੰਮ ਕਾਜ਼ ਆਦਿ ਵਿਕਰੇਤਾ ਦੀ ਲੋੜ ਅਨੁਸਾਰ ਕਰੇਗਾ। ਖਰੀਦਦਾਰ ਇਕਰਾਰਕਰਦਾ ਹੈ ਅਤੇ ਭਰੋਸਾ ਦਿੰਦਾ ਹੈ ਕਿ ਵਿਕਰੇਤਾ ਰੱਖ ਰਖਾਓ ਏਜੰਸੀ ਤੋਂ ਨਾਂ ਇਤਰਾਜ ਸਰਟੀਫਿਕੇਟ ਤੋਂ ਬਿਨਾਂ ਉਕਤ ਫਲੈਟ ਦੀ ਤਬਦੀਲੀ ਪ੍ਰਬੰਧਕੀ ਫੀਸ ਅਦਾ ਕਰੇਗਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਕਰੇਤਾ ਰੱਖ ਰਖਾਓ ਏਜੰਸੀ ਨੂੰ ਹਰਜਾਨਾ ਦੇਣ ਦਾ ਪਾਬੰਦ ਹੋਵੇਗਾ।

10. ਇਹ ਕਿ ਖਰੀਦਦਾਰ ਇਸ ਗੱਲ ਦੀ ਵੀ ਸਹਿਮਤੀ ਦਿੰਦਾ ਹੈ ਕਿ ਉਹ ਫਲੈਟ ਦੇ ਰਕਬੇ ਦੀ ਨਿਸਬਤ ਅਨੁਸਾਰ ਸਾਰੇ ਸਰਕਾਰੀ ਖਰਚੇ, ਰੇਟ ,ਟੈਕਸ ਅਤੇ ਹਰ ਕਿਸਮ ਦੇ ਟੈਕਸ ਜੋ ਕਿਸੇ ਵੀ ਨਾਮ ਨਾਲ ਪੁਕਾਰੇ ਜਾਣ ਦੀ ਅਦਾਇਗੀ ਕਰੇਗਾ ਜੋ ਕਿ ਹੁਣ ਲਾਗੂ ਹਨ ਜਾਂ ਪਿਛਲੇ ਸਮੇਂ ਤੋਂ ਲਾਗੂ ਹੋਣ । ਜੇਕਰ ਅਜਿਹੇ ਖਰਚਿਆਂ ਵਿੱਚ

ਬੈਨਾਮਾ ਤੋਂ ਪਹਿਲਾਂ ਜਾਂ ਬਾਅਦ ਵਿੱਚ ਅੱਗੇ ਤੋਂ ਪਿਛਲੇ ਸਮੇਂ ਤੋਂ ਵਾਧਾ ਕੀਤਾ ਜਾਂਦਾ ਹੈ ਤਾਂ ਉਹ ਕੇਵਲ ਖਰੀਦਦਾਰ ਅਦਾ ਕਰੇਗਾ। ਇਸ ਬੈਨਾਮਾ ਇਕਰਾਰਨਾਮਾ ਦੇ ਮੰਤਵ ਲਈ ,ਐਕਸ ਟੈਕਸਾਂ ਜਾਂ ਟੈਕਸ਼ੇਸ਼ਨ ਦਾ ਅਰਥ ਹਰ ਕਿਸਮ ਦੇ ਟੈਕਸ, ਖਰਚੇ, ਡਿਉਟੀ,ਲੈਵੀਜ਼,ਸੈੱਸ,ਫੀਸਾਂ ਵਧੀ ਕੀਮਤ ਟੈਕਸ ,ਸੇਵਾ ਟੈਕਸ,ਕਸਟਮ ਐਕਸਾਈਜ਼ ਡਿਉਟੀ,ਕੈਪੀਟਲ ਟੈਕਸ ਅਤੇ ਹੋਰ ਕਾਨੂੰਨੀ ਸੌਦਾ ਟੈਕਸ,ਅਸਟਾਮ ਫੀਸ, ਰਜਿਸਟਰੇਸ਼ਨ ਖਰਚੇ,ਅਸਲ ਮਿਲਖ ਟੈਕਸ,ਹੋਰ ਮਿਉਂਸਪਲ ਟੈਕਸ ਅਤੇ ਡਿਉਟੀਆਂ ਵਾਧੂ ਜਮੀਨ ਪ੍ਰੀਮੀਅਰ,ਕੀਮਤ ਵਾਧਾ,ਵਾਤਾਵਰਣ ਟੈਕਸ ਅਤੇ ਡਿਉਟੀਆਂ ਅਤੇ ਸਬੰਧਤ ਖੇਤਰ ਵਿੱਚ ਇਸ ਕਿਸਮ ਦੇ ਕੋਈ ਹੋਰ ਟੈਕਸ ਜਾਂ ਡਿਉਟੀਆਂ ,ਸਮੇਤ ਵਿਆਜ ਜੁਰਮਾਨਾ ,ਸਰਚਾਰਜ ਨਾਲ ਸਬੰਧਤ ਜੁਰਮਾਨਾ ਜੋ ਕਿ ਦੇਣ ਯੋਗ ਹੋਵੇ ਜਾਂ ਲਵਾਇਆ ਜਾਵੇ ਜਾਂ ਕਿਸੇ ਵੀ ਕਾਨੂੰਨੀ ਅਧਿਕਾਰੀ ਜਾਂ ਸਰਕਾਰੀ ਵਿਭਾਗ ਵਲੋਂ ਮਿਥਿਆ ਜਾਵੇ । ਇਹ ਸਾਰੇ ਟੈਕਸ ਅਲਾਟੀ ਖਰੀਦਦਾਰ ਨੂੰ ਤੁਰੰਤ ਦੇਣੇ ਹੋਣਗੇ ਜਦੋਂ ਵੀ ਇਹਨਾ ਦੀ ਮੰਗ ਪਿਛਲੇ ਸਮੇਂ ਤੋਂ ਵਿਕਰੇਤਾ ਵਲੋਂ ਕੀਤੀ ਜਾਂਦੀ ਹੈ ਅਤੇ ਅਜਿਹਾ ਨਾਂ ਕਰਨ ਲਈ ਖਰੀਦਦਾਰ ਭਰੋਸਾ ਇਕਰਾਰ ਕਰਦਾ ਹੈ ਕਿ ਉਹ ਵਿਕਰੇਤਾ ਨੂੰ ਹਰਜਾਨਾ ਦੇਣ ਦਾ ਪਾਬੰਦ ਹੋਵੇਗਾ ।

11. ਇਹ ਕਿ ਖਰੀਦਦਾਰ ਨੇ ਉਕਤ ਫਲੈਟ ਦੇ ਬਾਹਰਲੇ ਅਤੇ ਅੰਦਰਲੇ ਵਿਕਾਸ ਦੇ ਖਰਚੇ ਕੀਮਤ ਦੇ ਹਿੱਸੇ ਵਜੋਂ ਨਿਸਬਤ ਅਨੁਸਾਰ ਅਦਾ ਕਰ ਦਿੱਤੇ ਗਏ ਹਨ ਜਿਵੇਂ ਕਿ ਸਰਕਾਰ ਕਾਨੂੰਨੀ ਅਧਿਕਾਰੀ ਵਲੋਂ ਲਗਾਏ ਗਏ ਹਨ ਜਿਸ ਸਮੇਂ ਉਕਤ ਜਮੀਨ ਦੇ ਸਬੰਧ ਵਿੱਚ ਪਿਛਲੇ ਸਮੇਂ ਤੋਂ ਲਾਇਸੈਂਸ ਜਾਰੀ ਕੀਤਾ ਗਿਆ ਹੈ । ਖਰੀਦਦਾਰ ਇਸ ਗੱਲ ਤੇ ਵੀ ਸਹਿਮਤ ਹੈ ਕਿ ਵਿਕਰੇਤਾ ਵਲੋਂ ਮੰਗ ਕਰਨ ਤੇ ਨਿਸਬਤ ਅਨੁਸਾਰ ਕੋਈ ਵਾਧੂ ਈ.ਡੀ.ਸੀ ,ਆਈ.ਡੀ.ਸੀ ਅਤੇ ਹੋਰ ਖਰਚੇ ਜੋ ਕਿ ਸਰਕਾਰ ਵਲੋਂ ਪਿਛਲੇ ਸਮੇਂ ਤੋਂ ਲਗਾਏ ਜਾਣ,ਖਰੀਦਦਾਰ ਅਦਾ ਕਰੇਗਾ।

12. ਇਹ ਕਿ ਇਸ ਬੈਨਾਮਾ ਲਿਖਤ ਤੋਂ ਪਹਿਲਾਂ ਉਕਤ ਫਲੈਟ ਦਾ ਕਬਜਾ ਵਿਕਰੇਤਾ ਵਲੋਂ ਖਰੀਦਦਾਰ ਨੂੰ ਦੇ ਦਿੱਤਾ ਗਿਆ ਹੈ । ਖਰੀਦਦਾਰ ਨੇ ਉਕਤ ਫਲੈਟ ਦਾ ਮੁਆਇਨਾ ਕਰ ਲਿੱਤਾ ਹੈ ਅਤੇ ਇਸ ਨੂੰ ਚੰਗੀ ਅਤੇ ਤਸੱਲੀਬਖਸ਼ ਹਾਲਤ ਵਿੱਚ ਰਖੇਗਾ ਅਤੇ ਕਿਸੇ ਨੁਕਸ ਜਾਂ ਰਕਬਾ ਅਤੇ ਨਕਸ਼ੇ ਵਿੱਚ ਕਿਸੇ ਨੁਕਸ ਸਬੰਧੀ ਵਿਕਰੇਤਾ ਦੇ ਵਿਰੁੱਧ ਕਿਸੇ ਕਿਸਮ ਦਾ ਕੋਈ ਇਤਰਾਜ ਨਹੀ ਕਰੇਗਾ। ਇਹ ਕਿ ਖਰੀਦਦਾਰ ਉਕਤ ਫਲੈਟ ਦੇ ਕਿਸੇ ਕੰਮ ਜਿਸ ਬਾਰੇ ਦੋਸ਼ ਜਾਂ ਡਿਜ਼ਾਇਨ ਬਿਲਡਿੰਗ ਸਮਾਨ ਦੀ ਵਰਤੋਂ ਬਾਰੇ ਲਿਕੇਜ਼ ਆਦਿ ਦਾ ਕੋਈ ਮੁਢਲਾ ਨੁਕਸ ਹੋਵੇ ਤਾਂ ਵਿਕਰੇਤਾ ਮੁਕਮੰਲ ਹੋਣ ਤੇ ਜਾਂ ਕਬਜਾ ਦੇਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਦਰੁਸਤ ਕਰਵਾਏਗਾ ਜਿਹੜਾ ਵੀ ਪਹਿਲਾਂ ਹੋਵੇ । ਖਰੀਦਦਾਰ ਉਕਤ ਫਲੈਟ ਦਾ ਕਬਜਾ ਅਤੇ ਵਰਤੋਂ ਵਿਕਰੇਤਾ ਵਲੋਂ ਕਿਸੇ ਵੀ ਕਿਸਮ ਦੀ ਮੁਦਾਖਲਤ ਤੋਂ ਬਿਨਾਂ ਕਰਨ ਦਾ ਅਧਿਕਾਰੀ ਹੋਵੇਗਾ। ਜੋ ਕਿ ਇਸ ਇਕਰਾਰਨਾਮੇ ਵਿੱਚ ਲਿਖੀਆਂ ਸ਼ਰਤਾਂ ਦੇ ਅਧੀਨ ਹੋਵੇਗਾ।

13. ਇਹ ਕਿ ਖਰੀਦਦਾਰ ਉਕਤ ਫਲੈਟ ਜਾਂ ਬਿਲਡਿੰਗ ਵਿੱਚ ਜਾਂ ਇਸਦੇ ਕਿਸੇ ਹਿੱਸੇ ਵਿੱਚ ਕੋਈ ਸੋਧ,ਤਬਦੀਲੀ ਜਾਂ ਵਾਧਾ ਨਹੀ ਕਰੇਗਾ ਖਰੀਦਦਾਰ ਵਿਕਰੇਤਾ ਨਾਲ ਇਥੇ ਇਕਰਾਰ ਕਰਦਾ ਹੈ ਕਿ ਉਹ ਆਪਣੇ ਖਰਚੇ ਤੇ ਉਕਤ ਫਲੈਟ ,ਇਸ ਦੀਆਂ ਦੀਵਾਰਾਂ ਅਤੇ ਵੰਡਾਂ,ਸੀਵਰ,ਨਾਲੀਆਂ ਆਦਿ ਨੂੰ ਚੰਗੀ ਹਾਲਤ ਵਿੱਚ ਰੱਖੇਗਾ ਅਤੇ ਲੋੜੀਂਦੀ ਮੁਰਮੰਤ ਕਰਵਾਏਗਾ। ਖਰੀਦਦਾਰ ਨੇ ਭਰੋਸਾ ਦਵਾਇਆ ਹੈ ਕਿ ਬਿਲਡਿੰਗ ਦੇ ਸ਼ੈਲਟਰ ਆਦਿ ਜਿਸ ਵਿੱਚ ਉਕਤ ਫਲੈਟ ਸਥਿਤ ਹੈ, ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਨਹੀ ਪੁੱਜੇਗਾ ਅਤੇ ਨਾਂ ਹੀ ਖਤਰਾ ਹੋਵੇਗਾ। ਉਹ ਨਾਂ ਖੁਦ ਅਤੇ ਨਾਂ ਹੀ ਕਿਸੇ ਨੂੰ ਆਗਿਆ ਦੇਵੇਗਾ ਕਿ ਬਿਲਡਿੰਗ ਜਾਂ ਇਸਦੇ ਕਿਸੇ ਹਿੱਸੇ ਜਾਂ ਪੌੜੀਆਂ ,ਲਿਫਟਾਂ,ਸ਼ਾਫਟਾਂ ਅਤੇ ਸਾਂਝੇ ਰਸਤੇ , ਵੇਹੜਾ ਜਾਂ ਕੋਈ ਹੋਰ ਥਾਂ ਜੋ ਕਿ ਬਿਲਡਿੰਗ ਨਾਲ ਸਬੰਧਤ ਹੋਵੇ ਜਿਸ ਨਾਲ ਨਿਯਮਾਂ ,ਮਿਉਂਸਪਲ ਅਧਿਕਾਰੀਆਂ ਦੇ ਬਾਇਲਾਜ਼,ਰੱਖ -ਰਖਾਓ ਏਜੰਸੀ, ਡਿਵੈਲਪਰ ਜਾਂ ਕੋਈ ਕਾਨੂੰਨ ਜੋ ਉਸ ਸਮੇਂ ਤੋਂ ਲਾਗੂ ਹੋਵੇ ਜਾਂ ਕੋਈ ਕਿਸਮ ਜਾਂ ਨੋਟੀਫਿਕੇਸ਼ਨ ਜੋ ਲੋਕਲ ਜਾਂ ਹੋਰ ਅਧਿਕਾਰੀ ਜਾਰੀ ਕਰਨ ਜਾਂ ਰੱਖ ਰਖਾਓ ਏਜੰਸੀ ਜਾਂ ਡਿਵੈਲਪਰ ਵਲੋਂ ਜਾਰੀ ਹੋਣ ਦੀ ਉਲੰਘਣਾ ਨਹੀ ਕੀਤੀ ਜਾਵੇਗੀ। ਇਹਨਾਂ ਸ਼ਰਤਾਂ ਵਿਚੋਂ ਕਿਸੇ ਦੀ ਵੀ ਉਲੰਘਣਾ ਕਰਨ ਨਾਲ ਜੇਕਰ ਕੋਈ ਨੁਕਸਾਨ ਜਾਂ ਘਾਟਾ ਪੈਦਾ ਹੁੰਦਾ ਹੈ ਤਾਂ ਖਰੀਦਦਾਰ ਉਸ ਲਈ ਜੁੰਮੇਵਾਰ ਹੋਵੇਗਾ ਅਤੇ ਰੱਖ ਰਖਾਓ ਏਜੰਸੀ ਨੂੰ ਇਸ ਲਈ ਜੁਰਮਾਨਾ ਦੇਵੇਗਾ।

14. ਇਹ ਕਿ ਖਰੀਦਦਾਰ ਵਿਕਰੇਤਾ ਨਾਲ ਇਕਰਾਰ ਕਰਦਾ ਹੈ ਕਿ ਉਹ ਊਕਤ ਫਲੈਟ ਨੂੰ ਰਿਹਾਇਸ਼ੀ ਮੰਤਵ ਲਈ ਹੀ ਵਰਤੇਗਾ ਅਤੇ ਉਕਤ ਫਲੈਟ ਨੂੰ ਰਿਹਾਇਸ਼ੀ ਮੰਤਵ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਨਹੀ ਵਰਤੇਗਾ ਅਤੇ ਨਾਂ ਹੀ ਕਿਸੇ ਨੂੰ ਵਰਤਣ ਦੀ ਆਗਿਆ ਦੇਵੇਗਾ ਅਤੇ ਕਿਸੇ ਹੋਰ ਮੰਤਵ ਜਿਸ ਨਾਲ ਬਦਅੰਗੀ ਜਾਂ ਦੂਜੇ ਫਲੈਟ ਵਿੱਚ ਰਹਿਣ ਵਾਲਿਆਂ ਦੀ ਨਰਾਜ਼ਗੀ ਹੋਵੇ ਜਾਂ ਕਿਸੇ ਗੈਰ ਕਾਨੂੰਨੀ ਜਾਂ ਅਨੈਤਿਕ ਮੰਤਵ ਲਈ ਨਹੀ ਵਰਤੇਗਾ ਜਾਂ ਅਜਿਹਾ ਕੋਈ ਕੰਮ ਨਹੀ ਕਰੇਗਾ ਜਿਸ ਨਾਲ ਕਿਸੇ ਫਰਸ਼ ਜਾਂ ਕਿਸੇ ਫਲੈਟ ਦੀ ਛੱਤ ਨੂੰ ਨੁਕਸਾਨ ਪੁੱਜੇ । ਉੱਪਰ ਜਾਂ ਹੇਠਾਂ ਜਾਂ ਆਪਣੇ ਫਲੈਟ ਦੇ ਨਾਲ ਲਗਦੇ ਫਲੈਟ ਜਾਂ ਸਾਂਝੀ ਵਰਤੋਂ ਵਾਲੀ ਥਾਂ ,ਰਸਤਾ ਜਾਂ ਹੋਰ ਕੋਈ ਸਹੂਲਤਾਂ ਦੀ ਵਰਤੋਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਦਖਲਅੰਦਾਜੀ ਨਹੀ ਕਰੇਗਾ।

15. ਇਹ ਕਿ ਖਰੀਦਦਾਰ ਵਿਕਰੇਤਾ ਨਾਲ ਇਕਰਾਰ ਕਰਦਾ ਹੈ ਕਿ ਉਹ ਸਮੇਂ ਸਮੇਂ ਲੋੜੀਦੀਆਂ ਸਾਰੀਆਂ ਗੱਲਾਂ,ਮੰਗਾਂ ਅਤੇ ਮੁਰਮੰਤ ,ਬਦਲਾਵਾਂ ਜੋ ਕਿ ਨਿਯਮਾਂ , ਕਾਨੂੰਨ ਜਾਂ ਵਿਕਾਸ ਅਥਾਰਟੀ ਮਿਉਂਸਪਲ ਅਧਿਕਾਰੀ

ਸਰਕਾਰ ਜਾਂ ਹੋਰ ਯੋਗ ਅਧਿਕਾਰੀ ਜਾਂ ਰੱਖ ਰੱਖਾਓ ਏਜੰਸੀ ਜਾਂ ਡਿਵੈਲਪਰ ਵਲੋਂ ਇਹ ਬਿਲਡਿੰਗ ਅਤੇ ਜਮੀਨ ਜਿਸ ਉੱਤੇ ਬਿਲਡਿੰਗਾਂ ਖੜੀਆਂ ਹਨ ਦੀ ਤਾਮੀਰ ਆਪਣੇ ਖਰਚੇ ਤੇ ਕਰੇਗਾ ਅਤੇ ਖਰੀਦਦਾਰ ਵਿਕਰੇਤਾ ਨੂੰ ਸਾਰੀਆਂ ਲਾਗਤਾਂ ਨਤੀਜਿਆਂ ਅਤੇ ਨੁਕਸਾਨਾਂ ਤੋਂ ਸੁਰੱਖਿਅਤ ਕਰੇਗਾ ਜੋ ਕਿ ਉਕਤ ਲੋੜਾਂ ਮੰਗਾਂ,ਮੁਰਮੰਤਾਂ,ਆਦਿ ਦੀ ਕਬਜੇ ਤੋਂ ਬਾਅਦ ਤਾਮੀਲ ਕਰਨ ਕਰਕੇ ਪੈਦਾ ਹੋਣ।

16. ਇਹ ਕਿ ਖਰੀਦਦਾਰ ਇਥੇ ਇਕਰਾਰ ਕਰਦਾ ਹੈ ਅਤੇ ਭਰੋਸਾ ਦਿੰਦਾ ਹੈ ਕਿ ਉਹ ਸਾਰੇ ਕਾਬਜਾਂ ਦੇ ਨਾਲ ਸਾਰੇ ਕਾਨੂੰਨਾਂ ਨਿਯਮਾਂ ਬੰਧਨਾਂ ਜੋ ਕਿ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1955 ਨਾਲ ਸਬੰਧਤ ਹਨ ਜਾਂ ਹੋਰ ਕੋਈ ਕਾਨੂੰਨ ਜੋ ਉਕਤ ਫਲੈਟ ਤੇ ਲਾਗੂ ਹੋਵੇ ਦੀ ਪਾਲਣਾ ਕਰੇਗਾ। ਖਰੀਦਦਾਰ ਫਲੈਟ ਦੇ ਦਸਤਾਵੇਜਾਂ ਤੇ ਦਸਤਖਤ ਕਰੇਗਾ ਅਤੇ ਰਜਿਸਟਰਡ ਕਰਵਾਏਗਾ ਜਿਸ ਵਿੱਚ ਉਕਤ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1955 ਅਤੇ ਇਸ ਅਧੀਨ ਬਣੇ ਨਿਯਮਾਂ ਦੀ ਪਾਲਣਾ ਦਾ ਇਕਰਾਰ ਹੋਵੇਗਾ।

17. ਵਿਕਰੇਤਾ ਜਾਂ ਰੱਖ ਰਖਾਓ ਏਜੰਸੀ ਜੋ ਕਿ ਵਿਕਰੇਤਾ ਵਲੋਂ ਨਿਯੁਕਤ ਕੀਤੀ ਜਾਵੇ , ਸਾਂਝੇ ਰਕਬੇ ਅਤੇ ਸਹੂਲਤਾਂ , ਜਗ੍ਹਾ ਆਦਿ ਦੀ ਰੱਖ ਰਖਾਓ ਕਰਨਗੇ ਜੋ ਕਿ ਇਸ ਦਸਤਾਵੇਜ ਵਿੱਚ ਦਿੱਤੀਆਂ ਸ਼ਰਤਾਂ ਅਨੁਸਾਰ ਹੋਵੇਗਾ ਅਤੇ ਵਿਕਰੇਤਾ/ਮਾਲਕ ਵਲੋਂ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1955 ਅਤੇ ਇਸ ਅਧੀਨ ਬਣੇ ਨਿਯਮਾਂ ਅਨੁਸਾਰ ਸਹੀ ਸਮੇਂ ਤੇ ਦਿੱਤੇ ਘੋਸ਼ਣਾ ਅਨੁਸਾਰ ਹੋਵੇਗਾ ।

18. ਇਹ ਕਿ ਮਾਲਕ ਜਮੀਨ/ਵਿਕਰੇਤਾ ਆਪਣੇ ਸਾਰੇ ਹੱਕ ਹਕੂਕ ਜੋ ਕਿ ਉਸਦੇ ਬਿਲਡਿੰਗ ਸਮੇਤ ਸਾਂਝੇ ਰਕਬੇ ਅਤੇ ਸਾਂਝੀਆਂ ਸਹੂਲਤਾਂ,ਰੱਖ ਰਖਾਓ ,ਏਜੰਸੀ ਦੇ ਹੱਕ ਵਿੱਚ ਤਬਦੀਲ ਕਰੇਗਾ ਜੋ ਕਿ ਪੰਜਾਬ ਅਪਾਰਟਮੈਂਟ ਆਨਰਸ਼ਿਪ ਐਕਟ 1955 ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਜੋ ਕਿ ਜਦੋਂ ਵੀ ਉਕਤ ਬਿਲਡਿੰਗਾਂ ਤੇ ਲਾਗੂ ਹੋਣ ਜਾਂ ਕਿਸੇ ਹੋਰ ਕਾਨੂੰਨ ਅਧੀਨ ਜੋ ਉਕਤ ਬਿਲਡਿੰਗਾਂ ਤੇ ਲਾਗੂ ਹੋਵੇ ਜੋ ਕਿ ਉਕਤ ਬਿਲਡਿੰਗਾ ਵਿੱਚ ਸਾਰੇ ਫਲੈਟਾਂ ਦੇ ਖਰੀਦਦਾਰਾ ਦੇ ਹਿੱਤ ਵਿੱਚ ਹੋਵੇਗਾ ।

19. ਇਹ ਕਿ ਖਰੀਦਦਾਰ ਜੇਕਰ ਭਾਰਤ ਤੋਂ ਬਾਹਰ ਰਹਿੰਦਾ ਹੋਵੇ ਤਾਂ ਉਹ ਫਾਰਨ ਐਕਸਚੇਂਜ ਮੈਨੈਜਮੈਂਟ ਐਕਟ ਵਿੱਚ ਦਿੱਤੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਜਿੰਮੇਵਾਰ ਹੋਵੇਗਾ ਜਾਂ ਹੋਰ ਲਾਗੂ ਕਾਨੂੰਨ ਜਿਸ ਵਿੱਚ ਅਦਾਇਗੀ ਕਰਨ ਦੇ ਨਿਯਮ ਅਤੇ ਭਾਰਤ ਵਿੱਚ ਅਚੱਲ ਸਪੰਤੀ ਲੈਣ ਦੇ ਨਿਯਮਾਂ ਦੀ ਪਾਲਣਾ ਕਰੇਗਾ ਖਰੀਦਦਾਰ ਵਿਕਰੇਤਾ ਵਲੋਂ ਨਿਸ਼ਚਿਤ ਪ੍ਰੋਫਾਰਮੇ ਤੇ ਲੋੜੀਂਦੀ ਘੋਸ਼ਣਾ ਕਰੇਗਾ।

20. ਇਹ ਕਿ ਖਰੀਦਦਾਰ ਸਹਿਮਤ ਹੈ ਅਤੇ ਇਕਰਾਰ ਕਰਦਾ ਹੈ ਕਿ ਉਕਤ ਫਲੈਟ ਦਾ ਕਬਜਾ ਲੈਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਿਸੇ ਵੀ ਸਮੇਂ ਉਸਦਾ ਕੋਈ ਹੱਕ ਨਹੀ ਹੋਵੇਗਾ ਅਤੇ ਉਹ ਵਿਕਰੇਤਾ/ਮਾਲਕ ਹੋਰ ਬਿਲਡਿੰਗ ਦੀ ਉਸਾਰੀ ਕਰੇ ਜੋ ਕਿ ਉਸਦੇ ਨਾਲ ਲਗਦੀਆਂ ਹੋਣ ਜਾਂ ਉਕਤ ਕਲੌਨੀ ਵਿੱਚ ਪਾਮ ਵਿਲੇਜ਼ ਮੋਹਾਲੀ ਦੇ ਨਾਮ ਤੇ ਹੋਣ , ਉਪਰ ਕੋਈ ਇਤਰਾਜ ਕਰੇ । ਬਿਲਡਿੰਗ ਦੀ ਉਸਾਰੀ ਸਮੇਂ ਵਿਕਰੇਤਾ ਜਿਵੇਂ ਹੋ ਸਕੇ ਯਕੀਨ ਦਵਾਏਗਾ ਕਿ ਬਿਲਡਿੰਗ/ਟਾਵਰ ਅਤੇ ਫਰਸ਼ਾਂ ਵਿੱਚ ਤਬਦੀਲੀ ਨਾਂ ਹੋਵੇ ਅਤੇ ਅਜਿਹਾ ਵਾਧੂ ਐਫ ਏ ਆਰ ਜਿਵੇਂ ਵੀ ਉਪਲੱਬਧ ਹੋਵੇ, ਨਾਲ ਲਗਦੇ ਰਕਬੇ ਨੂੰ ਦਿੱਤਾ ਜਾਵੇ ਜੋ ਕਿ ਪਾਮ ਵਿਲੇਜ਼ ਮੋਹਾਲੀ ਵਿੱਚ ਵਿਕਾਸ ਅਧੀਨ ਹੋਵੇ ।

21. ਵਿਕਰੇਤਾ/ਮਾਲਕ ਨੂੰ ਵਾਧੂ ਉਸਾਰੀ ਲਈ ਬਿਜਲੀ,ਪਾਣੀ,ਸੈਨੇਟਰੀ,ਨਿਕਾਸ,ਫਿਟੀਗ ਦਾ ਸਬੰਧ ਹੁਣ ਦੇ ਬਿਜਲੀ,ਪਾਣੀ,ਸੈਨੇਟਰੀ,ਨਿਕਾਸ ਵਸੀਲਿਆਂ ਨਾਲ ਆਪਣੇ ਖਰਚੇ ਤੇ ਜੋੜਨ ਦਾ ਅਧਿਕਾਰ ਹੋਵੇਗਾ। ਖਰੀਦਦਾਰ ਇਸ ਲਈ ਆਪਣੀ ਸਹਿਮਤੀ ਦਿੰਦਾ ਹੈ ਅਤੇ ਇਕਰਾਰ ਕਰਦਾ ਹੈ ਕਿ ਉਸ ਨੂੰ ਕਿਸੇ ਤਰ੍ਹਾਂ ਦਾ ਇਤਰਾਜ ਕਰਨ ਦਾ ਕੋਈ ਅਧਿਕਾਰ ਨਹੀ ਹੋਵੇਗਾ ਜਾਂ ਉਕਤ ਫਲੈਟ ਦੀ ਕੀਮਤ ਬਣਾਉਣ ਲਈ ਕੋਈ ਕਲੇਮ ਨਹੀ ਕਰੇਗਾ। ਜਿਸ ਲਈ ਉਸਨੇ ਸਹਿਮਤੀ ਦਿੱਤੀ ਹੈ ਅਤੇ ਨਾਂ ਹੀ ਖੇਚਲ ਜਾਂ ਕਿਸੇ ਹੋਰ ਕਾਰਨ ਉਹ ਕਿਸੇ ਕਿਸਮ ਦਾ ਮੁਆਵਜਾਂ ਜਾਂ ਨੁਕਸਾਨ ਦਾ ਕਲੇਮ ਕਰੇਗਾ।

22. ਇਹ ਕਿ ਵਿਕਰੇਤਾ ਦੇ ਹੱਕ ਹਕੂਕ ਨੂੰ ਰੱਖ ਰਖਾਓ ਏਜੰਸੀ ਦੇ ਹੱਕ ਵਿੱਚ ਤਬਦੀਲ ਕਰਨ ਤੋਂ ਬਾਦ ਵੀ ਵਿਕਰੇਤਾ ਨੂੰ ਪਹਿਲੇ ਵਾਂਗ ਉਕਤ ਢੰਗ ਨਾਲ ਵਾਧੂ ਉਸਾਰੀ ਕਰਨ ਦਾ ਅਧਿਕਾਰ ਹੋਵੇਗਾ ਅਤੇ ਵਾਧੂ ਐਫ ਏ ਆਰ ਜਦੋਂ ਵੀ ਉਪਲੱਬਧ ਹੋਣ ਜਾਂ ਸਬੰਧਤ ਅਧਿਕਾਰੀ ਵਲੋਂ ਪ੍ਰਵਾਨ ਹੋਵੇ, ਨਾਲ ਲਗਦੇ ਰਕਬੇ ਜੋ ਪਾਮ ਵਿਲੇਜ਼ ਵਿੱਚ ਵਿਕਾਸ ਅਧੀਨ ਹਨ , ਨੂੰ ਦੇ ਦੇਵੇ। ਵਿਕਰੇਤਾ ਇਕਰਾਰ ਕਰਦਾ ਹੈ ਕਿ ਬਿਲਡਿੰਗ/ਟਾਵਰਜ਼ ਅਤੇ ਫਰਸ਼ ਨੂੰ ਨਹੀ ਛੇੜਿਆ ਜਾਵੇਗਾ। ਵਿਕਰੇਤਾ ਨੂੰ ਆਪਣੇ ਖਰਚੇ ਤੇ ਬਿਜਲੀ,ਪਾਣੀ,ਸੈਨੇਟਰੀ ਅਤੇ ਡਰੇਨੇਜ਼ ਵਸੀਲਿਆਂ ਨਾਲ ਜੋੜਨ ਦਾ ਅਧਿਕਾਰ ਹੋਵੇਗਾ। ਖਰੀਦਦਾਰ ਇਸ ਲਈ ਆਪਣੀ ਸਹਿਮਤੀ ਦਿੰਦਾ ਹੈ ਅਤੇ ਇਕਰਾਰ ਕਰਦਾ ਹੈ ਕਿ ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਇਤਰਾਜ ਕਰਨ ਦਾ ਕੋਈ ਅਧਿਕਾਰ ਨਹੀ ਹੋਵੇਗਾ ਜਾਂ ਉਕਤ ਫਲੈਟ ਦੀ ਕੀਮਤ ਘਟਾਉਣ ਲਈ ਕੋਈ ਕਲੇਮ ਆਦਿ ਨਹੀ ਕਰੇਗਾ ਜਿਸ ਲਈ ਉਸਨੇ ਸਹਿਮਤੀ ਦਿੱਤੀ ਹੈ ਅਤੇ ਨਾਂ ਹੀ ਖੇਚਲ ਜਾਂ ਕਿਸੇ ਹੋਰ ਕਾਰਨ , ਉਹ ਕਿਸੇ ਕਿਸਮ ਦਾ ਮੁਆਵਜਾ ਜਾਂ ਨੁਕਸਾਨ ਦਾ ਕਲੇਮ ਕਰੇਗਾ।

23. ਇਹ ਕਿ ਖਰੀਦਦਾਰ ਨੂੰ ਪਤਾ ਹੈ ਕਿ ਉਸਨੇ ਬਹੁਮਜਲੀ ਬਿਲਡਿੰਗ ਵਿੱਚ ਇਹ ਫਲੈਟ ਖਰੀਦ ਕਰਨ ਲਈ

ਸਹਿਮਤੀ ਦਿੱਤੀ ਹੈ। ਉਸਨੂੰ ਇਹ ਵੀ ਪਤਾ ਹੈ ਕਿ ਬਿਲਡਿੰਗ ਨੂੰ ਸਹੀ ਢੰਗ ਨਾਲ ਰੱਖਣਾ ਹੈ ਅਤੇ ਸਾਂਝੇ ਰਕਬੇ ਅਤੇ ਸੇਵਾਵਾਂ ਦਾ ਬਿਲਡਿੰਗ ਪੂਰੇ ਲਾਭ ਲਈ ਰੱਖ ਰਖਾਓ ਕਰਨਾ ਹੈ ਇਸ ਲਈ ਖਰੀਦਦਾਰ ਲਗਾਤਾਰ ਵਿਕਰੇਤਾ ਜਾਂ ਰੱਖ ਰਚਾਓ ਏਜੰਸੀ ਨੂੰ ਰੱਖ ਰਖਾਓ ਅਤੇ ਸੇਵਾਵਾਂ ਦੇ ਖਰਚੇ ਦੇਵੇਗਾ ,ਜੋ ਕਿ ਵਿਕਰੇਤਾ ਜਾਂ ਉਕਤ ਰੱਖ ਰਖਾਓ ਏਜੰਸੀ ਵਲੋਂ ਨਿਸ਼ਚਿਤ ਕੀਤੇ ਜਾਣਗੇ ਜੋ ਕਿ ਸਾਂਝੇ ਰਕਬੇ ਅਤੇ ਸਹੂਲਤਾਂ ਦੇ ਰੱਖ ਰਖਾਓ ਦੀ ਦੇਖਭਾਲ ਕਰੇਗਾ। ਖਰੀਦਦਾਰ ਵਿਕਰੇਤਾ /ਰੱਖ ਰਖਾਓ ਏਜੰਸੀ ਨੂੰ ਰੱਖ ਰਖਾਓ ਖਰਚਾ ਦੇਵੇਗਾ ਜੋ ਕਿ ਕਬਜੇ ਦੀ ਪੇਸ਼ਕਸ਼ ਮਿਤੀ ਤੋਂ ਫਲੈਟ ਦੇ ਸੁਪਰ ਏਰੀਏ ਦੇ ਨਿਸਬਤ ਅਨੁਸਾਰ ਹੋਣਗੇ। ਰੱਖ ਰਖਾਓ ਦੇ ਖਰਚੇ ਵਿਕਰੇਤਾ/ਰਖ ਰਖਾਓ ਏਜੰਸੀ ਵਲੋਂ ਨਿਸ਼ਚਿਤ ਕੀਤੇ ਜਾਣਗੇ ਜੋ ਕਿ ਸਮੇਂ ਸਮੇਂ ਵਿਕਰੇਤਾ/ਰੱਖ ਰਖਾਓ ਏਜੰਸੀ ਵਲੋਂ ਰੱਖ ਰਖਾਓ ਏਜੰਸੀ ਦੀ ਲਾਗਤ ਅਨੁਸਾਰ ਦੁਹਰਾਏ ਜਾਣਗੇ। ਇਸ ਸਬੰਧੀ ਵਿਕਰੇਤਾ ਜਾਂ ਰੱਖ ਰਖਾਓ ਏਜੰਸੀ ਦਾ ਫੈਸਲਾ ਅਤੇ ਰੱਖ ਰਖਾਓ ਦੀ ਲਾਗਤ ਦਾ ਫੈਸਲਾ ਅੰਤਿਮ ਹੋਵੇਗਾ ਜੋ ਕਿ ਸਾਰੇ ਖਰੀਦਦਾਰ /ਕਾਬਜਾਂ ਤੇ ਲਾਗੂ ਹੋਵੇਗਾ। ਸ਼ੁਰੂ ਵਿੱਚ ਇਹ ਖਰਚੇ ਵਿਕਰੇਤਾ /ਰੱਖ ਰਖਾਓ ਏਜੰਸੀ ਵਲੋਂ ਇਸ ਇਕਰਾਰਨਾਮੇ ਅਨੁਸਾਰ ਨਿਸ਼ਚਿਤ ਕੀਤੇ ਜਾਣਗੇ ਅਤੇ ਲੋੜ ਅਨੁਸਾਰ ਕਿਸੇ ਸਮੇਂ ਵੀ ਦੁਹਰਾਏ ਜਾ ਸਕਦੇ ਹਨ। ਇਹ ਖਰਚੇ ਮਹੀਨਾਵਾਰ ਜਾਂ ਤਿਮਾਹੀ ਦੇ ਅਧਾਰ ਤੇ ਖਰੀਦਦਾਰ ਵਲੋਂ ਅਗਾਓਂ ਦਿੱਤੇ ਜਾਣਗੇ ਜਾਂ ਜਿਵੇਂ ਵਿਕਰੇਤਾ/ਰੱਖ ਰਖਾਓ ਏਜੰਸੀ ਇਸ ਸਬੰਧੀ ਫੈਸਲਾ ਕਰਨ। ਇਹ ਕਿ ਜੇਕਰ ਖਰੀਦਦਾਰ ਰੱਖ ਰਖਾਓ ਦੇ ਖਰਚਿਆਂ ਦਾ ਆਪਣਾ ਹਿੱਸਾ ਅਦਾ ਨਹੀ ਕਰਦਾ ਤਾਂ ਖਰੀਦਦਾਰ ਜਾਂ ਕੋਈ ਹੋਰ ਖਰੀਦਦਾਰ ਦੇ ਬਦਲੇ ਕਾਨੂੰਨੀ ਵਿਅਕਤੀ ਅਜਿਹੀਆਂ ਸਾਂਝੀਆਂ ਸਹੂਲਤਾਂ ਅਤੇ ਸੇਵਾਵਾਂ ਦਾ ਪ੍ਰਯੋਗ ਨਹੀ ਕਰ ਸਕੇਗਾ। ਕਿਉਂ ਜੋ ਅਜਿਹੀਆਂ ਸਾਂਝੀਆਂ ਸਹੂਲਤਾਂ ਅਤੇ ਸੇਵਾਵਾਂ ਦੇ ਪ੍ਰਯੋਗ ਲਈ ਲਗਾਤਾਰ ਰੱਖ ਰਖਾਓ ਖਰਚੇ ਅਦਾ ਕਰਨਾ ਪਹਿਲੀ ਸ਼ਰਤ ਹੈ। ਇਸੇ ਤਰ੍ਹਾਂ ਜੇਕਰ ਖਰੀਦਦਾਰ ਇਸ ਇਕਰਾਰਨਾਮੇ ਦੀ ਕਿਸੇ ਧਾਰਾ ਦਾ ਉਲੰਘਣ ਕਰਦਾ ਹੈ ਤਾਂ ਉਸਨੂੰ ਸਾਝੀਆਂ ਸਹੂਲਤਾਂ ਵਰਤਣ ਦਾ ਅਧਿਕਾਰ ਨਹੀ ਹੋਵੇਗਾ। ਖਰੀਦਦਾਰ ਇਕਰਾਰ ਕਰਦਾ ਹੈ ਅਤੇ ਭਰੋਸਾ ਦਿੰਦਾ ਹੈ ਕਿ ਉਹ ਵਿਕਰੇਤਾ/ਰੱਖ ਰਖਾਓ ਏਜੰਸੀ ਦੇ ਕਿਸੇ ਕਿਸਮ ਦੇ ਨੁਕਸਾਨ ਜੋ ਕਿ ਉਪਰ ਵਰਨਣ ਕੀਤੇ ਦਸਤਾਵੇਜ ਦੀ ਉਲੰਘਣਾ ਕਾਰਨ ਹੋਇਆ, ਦਾ ਹਰਜਾਨਾ ਵਿਕਰੇਤਾ ਰੱਖ ਰਖਾਓ ਦੀ ਏਜੰਸੀ ਨੂੰ ਦੇਵੇਗਾ।

24. ਇਹ ਕਿ ਖਰੀਦਦਾਰ ਰੱਖ ਰਖਾਓ ਏਜੰਸੀ ਨੂੰ 50/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਬਿਨਾਂ ਵਿਆਜ ਸਕਿਉਰਿਟੀ ਅਮਾਨਤ ਜਮਾਂ ਤਿੰਨ ਮਹੀਨੇ ਦੇ ਅਗਾਓਂ ਰੱਖ ਰਖਾਓ ਖਰਚੇ,ਫਲੈਟ ਦਾ ਕਬਜ਼ਾ ਲੈਣ ਤੋਂ ਪਹਿਲਾਂ ਦੇਵੇਗਾ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਿਅਕਤੀਗਤ ਬਿਜਲੀ,ਪਾਣੀ,ਸੀਵਰ ਕੁਨੈਕਸ਼ਨ ਦੇ ਖਰਚੇ ,ਅੱਗ ਬੁਝਾਓ ਸਮਾਨ,ਪਾਵਰ ਬੈਕਅੱਪ,ਜਰਨੇਟਰ ਸੈੱਟਾ ਦੇ ਚਾਲੂ ਖਰਚੇ,ਕਲੱਬ ਮੈਂਬਰਸ਼ਿਪ,ਮਹੀਨਾਵਾਰੀ ਚੰਦਾ,ਕਲੱਬ ਸਹੂਲਤਾਂ ਦਾ ਪ੍ਰਯੋਗ ,ਆਈ ਐਫ ਐਮ ਐਸ ਡੀ ,ਕਲੱਬ ਦੇ ਰੱਖ ਰਖਾਓ ਖਰਚੇ,ਖ਼ੁੱਲੀ ਅਤੇ ਕੱਜੀ ਹੋਈ ਕਾਰ ਪਾਰਕਿੰਗ ਦੇ ਖਰਚੇ ਆਦਿ ਕੇਵਲ ਖਰੀਦਦਾਰ ਵਲੋਂ ਦਿੱਤੇ ਜਾਣਗੇ।

25. ਦੋਵੇਂ ਧਿਰਾਂ ਸਹਿਮਤ ਹਨ ਕਿ ਰੱਖ ਰਖਾਓ ਦੇ ਖਰਚਿਆਂ ਤੋਂ ਇਲਾਵਾ ਖਰੀਦਦਾਰ /ਕਾਬਜ (ਜਿਵੇਂ ਕੰਪਨੀ ਨਿਸ਼ਚਿਤ ਕਰੇ) ਸੁਪਰ ਰਕਬੇ ਦੀ ਨਿਸ਼ਚਿਤ ਅਨੁਸਾਰ ਰਿਪਲੇਸਮੈਂਟ ਫੰਡ ਜਾਂ ਸੀਕਿੰਗ ਫੰਡ ਵਿੱਚ ਹਿੱਸਾ ਪਾਉਣਗੇ ਤਾਂ ਜੋ ਕੈਪੀਟਲ/ਰੱਖ ਰਖਾਓ ਦੇ ਸਮਾਨ ਨੂੰ ਬਦਲਿਆ ਜਾ ਸਕੇ ਜਾਂ ਫਿਰ ਮਸ਼ੀਨਰੀ ਅਤੇ ਸਮਾਨ ਦੀ ਵੱਡੀ ਮੁਰੰਮਤ ਕਰਵਾਈ ਜਾ ਸਕੇ ਜੋ ਕਿ ਹਾਉਸਿੰਗ ਪ੍ਰੋਜੈਕਟ ਵਿੱਚ ਲਗਾਈ ਗਈ ਹੈ। ਰੱਖ ਰਖਾਓ ਏਜੰਸੀ / ਡਿਵੈਲਪਰ/ ਵਿਕਰੇਤਾ ਨੂੰ ਇਕਰਾਰਨਾਮੇ ਦੀ ਕਿਸੇ ਵੀ ਸ਼ਰਤ ਵਿੱਚ ਖਰੀਦਦਾਰ ਵਿਕਰੇਤਾ/ਰੱਖ ਰਖਾਓ ਏਜੰਸੀ ਨੂੰ ਹਰਜਾਨਾ ਦੇਣ ਦਾ ਪਾਬੰਦ ਹੋਵੇਗਾ। ਖਰੀਦਦਾਰ ਡੀ.ਟੀ.ਸੀ.ਪੀ/ਜਾਂ ਕਿਸੇ ਹੋਰ ਯੋਗ ਅਧਿਕਾਰੀ/ਕਾਨੂੰਨੀ ਅਧਿਕਾਰੀ ਵਲੋਂ ਬਣਾਏ ਗਏ ਨਿਯਮਾਂ/ ਬੰਧਨਾਂ ਦੀ ਪਾਲਣਾ ਕਰਨ ਲਈ ਇਕਰਾਰ ਕਰਦਾ ਹੈ ਅਤੇ ਯੂਨਿਟ ਨੂੰ ਰਿਹਾਇਸ਼ੀ ਮੰਤਵ ਲਈ ਵਰਤੇਗਾ ਅਤੇ ਅਜਿਹਾ ਨਾਂ ਕਰਨ ਲਈ ਵਿਕਰੇਤਾ ਨੂੰ ਹਰਜਾਨਾ ਦੇਵੇਗਾ। ਇਹ ਵੀ ਇਕਰਾਰ ਕੀਤਾ ਜਾਂਦਾ ਹੈ ਕਿ ਖਰੀਦਦਾਰ ਦਾ ਕਿਸੇ ਜਗ੍ਹਾ ਅਧੀਨ ਪੀ.ਐਲ.ਸੀ ,ਟੈਰਿਸ ਰਕਬਾ ,ਲਾਅਨ ਰਕਬਾ (ਜੇ ਕੋਈ ਹੋਵੇ)ਤੇ ਕੋਈ ਮਾਲਕਾਨਾ ਅਧਿਕਾਰ ਨਹੀ ਹੋਵੇਗਾ ਅਤੇ ਕੇਵਲ ਉਸ ਜਗ੍ਹਾ ਦੀ ਵਰਤੋਂ ਕਰਨ ਦਾ ਹੱਕ ਹੋਵੇਗਾ ਜੋ ਕਿ ਫਲੈਟ ਦੀ ਵਿਕਰੀ/ਤਬਦੀਲੀ ਦੇ ਨਾਲ ਹੀ ਉਸ ਨੂੰ ਆਪਣੇ ਆਪ ਤਬਦੀਲ ਹੋ ਜਾਵੇਗਾ। ਟੈਰਿਸ/ਲਾਅਨ ਰਕਬੇ ਵਿੱਚ ਕੋਈ ਉਸਾਰੀ/ਵਾਧਾ/ਤਬਦੀਲੀ ਕਰਨ ਦੀ ਆਗਿਆ ਨਹੀ ਹੈ। ਯੂਨਿਟ ਹੋਲਡਰ ਨੂੰ ਫੈਕੇਡ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀ ਹੈ ਅਤੇ ਲਾਅਨ ਰਕਬੇ ਵਿੱਚ ਵਾੜ ਲਗਾਉਣ ਦੀ ਆਗਿਆ ਵੀ ਨਹੀ ਹੈ ।

26. ਇਹ ਕਿ ਖਰੀਦਦਾਰ ਇਕਰਾਰ ਕਰਦਾ ਹੈ ਕਿ ਸਾਂਝੇ ਰਕਬੇ ਅਤੇ ਸਹੂਲਤਾਂ ਦੇ ਰੱਖ ਰਖਾਓ ਲਈ ਖਰੀਦਦਾਰ ਜਦੋਂ ਵੀ ਚਾਹੇ ਵਿਕਰੇਤਾ ਜਾਂ ਉਸ ਵਲੋਂ ਨਾਮਜ਼ਦ ਰੱਖ ਰਖਾਓ ਏਜੰਸੀ ਜਾਂ ਕਿਸੇ ਹੋਰ ਕੰਪਨੀ ਜਾਂ ਫਰਮ ਜਾਂ ਵਿਅਕਤੀ ਜਾਂ ਏਜੰਸੀ(ਇਸ ਤੋਂ ਬਾਦ ਰਖ ਰਖਾਓ ਏਜੰਸੀ ਕਿਹਾ ਜਾਵੇਗਾ) ਜੋ ਕਿ ਸਮੇਂ ਸਮੇਂ ਵਿਕਰੇਤਾ ਵਲੋਂ ਉਕਤ ਬਿਲਡਿੰਗ ਅਤੇ ਸਾਂਝੇ ਰਕਬੇ ਅਤੇ ਉਕਤ ਕੰਪਲੈਕਸ ਦੀਆਂ ਸਹੂਲਤਾਂ ਦੇ ਰੱਖ ਰਖਾਓ ਲਈ ਨਿਯੁਕਤ ਕੀਤਾ ਜਾਵੇ, ਦੇ ਨਾਲ ਇਕਰਾਰਨਾਮਾ ਕਰੇਗਾ। ਜੇਕਰ ਖਰੀਦਦਾਰ ਅਜਿਹਾ ਇਕਰਾਰਨਾਮਾ ਨਹੀ ਕਰਦਾ ਹੈ ਤਾਂ ਖਰੀਦਦਾਰ ਰੱਖ ਰਖਾਓ ਏਜੰਸੀ /ਵਿਕਰੇਤਾ ਵਲੋਂ ਦਿੱਤੀਆਂ ਜਾਂਦੀਆਂ ਲਾਭਦਾਇਕ ਸੇਵਾਵਾਂ ਦਾ ਲਾਭ ਲੈਣ

ਲਈ ਹੱਕਦਾਰ ਨਹੀ ਹੋਵੇਗਾ ਖਰੀਦਦਾਰ ਇਕਰਾਰ ਕਰਦਾ ਹੈ ਕਿ ਉਹ ਰੱਖ ਰਖਾਓ ਏਜੰਸੀ ਵਲੋਂ ਕਬਜਾ ਪ੍ਰਾਪਤ ਕਰਨ ਦੀ ਪੇਸ਼ਕਸ ਦੀ ਮਿਤੀ ਤੋਂ ਬਣਾਏ ਗਏ ਬਿਲਾਂ ਦੇ ਨਿਸਬਤ ਦੇ ਆਧਾਰ ਤੇ ਰੱਖ ਰਖਾਓ ਦੇ ਖਰਚੇ ਅਦਾ ਕਰੇਗਾ ਭਾਵੇਂ ਖਰੀਦਦਾਰ ਨੂੰ ਫਲੈਟ ਦਾ ਕਬਜਾ ਲਿਆ ਹੈ ਜਾਂ ਨਹੀ। ਰੱਖ ਰਖਾਓ ਦੇ ਬਿਲਾਂ ਅਤੇ ਹੋਰ ਖਰਚਿਆਂ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਜੋ ਕਿ ਰੱਖ ਰਖਾਓ ਏਜੰਸੀ ਵਲੋਂ ਬਣਾਏ ਜਾਂਣਗੇ, ਖਰੀਦਦਾਰ ਨੂੰ ਵਿਕਰੇਤਾ/ਰੱਖ ਰਖਾਓ ਏਜੰਸੀ ਪਾਸ ਵਿਆਜ ਰਹਿਤ ਰੱਖ ਰਖਾਓ ਜਿਵੇਂ ਕਿ ਉਕਤ ਅਮਾਨਤ(ਆਈ.ਐਫ.ਐਮ.ਐਸ.ਡੀ) ਜਮਾਂ ਕਰਵਾਈ ਹੈ ਅਤੇ ਸਦਾ ਜਮਾਂ ਰਖੇਗਾ ਜਿਵੇਂ ਕਿ ਉਕਤ ਰੱਖ ਰਖਾਓ ਏਜੰਸੀ ਸਮੇਂ ਸਮੇਂ ਤੇ ਨਿਸ਼ਚਿਤ ਕਰੇ।

27. ਕੰਪਲੈਕਸ ਦੀ ਸੁਰਖਿਆ ਲਈ ਅਤੇ ਰੱਖ ਰਖਾਓ ਏਜੰਸੀ ਕਿਸੇ ਨੂੰ ਵੀ ਕਿਸੇ ਵੀ ਬਿਲਡਿੰਗ ਵਿੱਚ ਦਾਖਲ ਹੋਣ ਤੋਂ ਰੋਕ ਸਕਦਾ ਹੈ ਜਿਸ ਨੂੰ ਇਹ ਬਾਹਰਲੇ ਗੇਟ ਤੋਂ ਹੀ ਨਾਂ ਵਾਜਬ ਸਮਝੇ ਜੇਕਰ ਉਹ ਜ਼ਿੱਦ ਕਰੇ ਤਾਂ ਬਿਲਡਿੰਗ ਦੀ ਸਕਿਉਰਿਟੀ ਸਟਾਫ ਨੂੰ ਖਰੀਦਦਾਰ/ ਕਾਨੂੰਨੀ ਕਿਰਾਏਦਾਰ/ਕਾਬਜ ਨੂੰ ਗੇਟ ਤੇ ਬੁਲਾਉਣ ਦੀ ਖੁੱਲ ਹੋਵੇਗੀ। ਜੋ ਕਿ ਅਜਿਹੇ ਵਿਅਕਤੀ(ਆਂ) ਨੂੰ ਗੇਟ ਤੋਂ ਆਪਣੇ ਫਲੈਟ ਤੱਕ ਜਾਤੀ ਤੌਰ ਤੇ ਲੈ ਕੇ ਜਾਵੇ ਅਤੇ ਬਾਹਰ ਤੱਕ ਛੱਡਣ ਦੀ ਜੁੰਮੇਵਾਰੀ ਲਵੇਗਾ ਸੁਰਖਿਆ ਸੇਵਾਵਾਂ ਦੇ ਸਬੰਧ ਵਿੱਚ ਵਿਕਰੇਤਾ/ ਰੱਖ ਰਖਾਓ ਖਰਚਿਆਂ ਦਾ ਹਿੱਸਾ ਹੋਵੇਗਾ।

28. ਇਹ ਕਿ ਬਿਲਡਿੰਗ ਦੇ ਢਾਂਚੇ ਦਾ ਬੀਮਾ ਵਿਕਰੇਤਾ/ ਰੱਖ ਰਖਾਓ ਏਜੰਸੀ ਰਾਹੀਂ ,ਅੱਗ ,ਭੁਚਾਲ ਅਤੇ ਹੋਰ ਕੁਦਰਤੀ ਆਫਤਾਂ ਆਦਿ ਦੇ ਵਿਰੁੱਧ ਫਲੈਟ ਦੇ ਖਰੀਦਦਾਰ ਦੇ ਪੱਖੋਂ ਕਰਵਾਇਆ ਜਾ ਸਕਦਾ ਹੈ। ਲੇਕਿਨ ਹਰ ਫਲੈਟ ਦੇ ਅੰਦਰ ਦੇ ਸਮਾਨ ਆਦਿ ਦਾ ਬੀਮਾ ਖਰੀਦਦਾਰ ਨੂੰ ਆਪਣੇ ਖਰਚੇ ਤੇ ਕਰਵਾਉਣਾ ਹੋਵੇਗਾ। ਬਿਲਡਿੰਗ ਢਾਂਚੇ ਦੇ ਬੀਮੇ ਦੀ ਲਾਗਤ ਖਰੀਦਦਾਰ ਤੇ ਸੇਵਾਵਾਂ ਖਰਚੇ/ ਰੱਖ ਰਖਾਓ ਖਰਚੇ ਦੇ ਹਿੱਸੇ ਦੇ ਤੌਰ ਤੇ ਵਸੂਲ ਕੀਤੀ ਜਾਵੇਗੀ । ਖਰੀਦਦਾਰ ਕੋਈ ਵੀ ਅਜਿਹਾ ਕੰਮ ਨਹੀ ਕਰੇਗਾ ਅਤੇ ਨਾਂ ਹੀ ਕਿਸੇ ਨੂੰ ਕਰਨ ਦੀ ਆਗਿਆ ਦੇਵੇਗਾ ਜਿਸ ਨਾਲ ਕਿਸੇ ਫਲੈਟ ਜਾਂ ਉਕਤ ਬਿਲਡਿੰਗ ਦੇ ਕਿਸੇ ਹਿੱਸੇ ਦਾ ਬੀਮਾਂ ਨਿਸਫਲ ਹੋ ਜਾਵੇ ਜਾਂ ਉਸਦਾ ਵਾਧੂ ਪ੍ਰੀਮੀਅਮ ਦੇਣਾ ਪੇ ਜਾਵੇ । ਅਜਿਹਾ ਹੋਣ ਤੇ ਖਰੀਦਦਾਰ ਇਕਰਾਰ ਕਰਦਾ ਹੈ ਅਤੇ ਭਰੋਸਾ ਦਿੰਦਾ ਹੈ ਕਿ ਉਹ ਅਜਿਹੇ ਕਿਸੇ ਕੰਮ/ਉਲੰਘਣਾ ਕਰਨ ਲਈ ਰੱਖ ਰਖਾਓ ਏਜੰਸੀ/ਵਿਕਰੇਤਾ ਦਾ ਹਰਜਾਨਾ ਦੇਵੇਗਾ ਅਤੇ ਦੇਣ ਦਾ ਪਾਬੰਦ ਹੋਵੇਗਾ।

29. ਖਰੀਦਦਾਰ ਇਕਰਾਰ ਕਰਦਾ ਹੈ ਅਤੇ ਭਰੋਸਾ ਦਿੰਦਾ ਹੈ ਕਿ ਵਿਕਰੇਤਾ ਖਰੀਦਦਾਰ ਦੇ ਇਕਰਾਰਨਾਮਾ/ਅਲਾਟਮੈਂਟ ਪੱਤਰ ਅਨੁਸਾਰ ਖਰੀਦਦਾਰ ਸਹਿਮਤ ਹੈ ਕਿ ਉਹ ਦਰਖਾਸਤ ਦੇਵੇਗਾ ਅਤੇ ਪੰਜਾਬ ਰਾਜ ਬਿਜਲੀ ਬੋਰਡ ਜਾਂ ਸਬੰਧਤ ਕਾਨੂੰਨੀ ਅਧਿਕਾਰੀ ਤੋਂ ਬਿਜਲੀ ਦਾ ਕੂਨੈਕਸ਼ਨ ਲਵੇਗਾ । ਕੰਪਨੀ ਇਸ ਸਬੰਧੀ ਹਰ ਲੋੜੀਂਦੀ ਅਤੇ ਵਾਜਬ ਸਹਾਇਤਾ ਕਰੇਗੀ। ਪਾਵਰ ਬੈਕਅੱਪ ਰੱਖ ਰਖਾਓ ਏਜੰਸੀ ਵਲੋਂ ਉਪਲੱਬਧ ਲੋਡ ਅਨੁਸਾਰ ਦਿੱਤਾ ਜਾਵੇਗਾ ਜੋ ਕਿ ਰੱਖ ਰਖਾਓ ਏਜੰਸੀ ਦੀਆਂ ਨਿਸ਼ਚਿਤ ਸ਼ਰਤਾਂ ਦੇ ਅਧੀਨ ਹੋਵੇਗਾ ਇਸ ਸਮੇਂ ਪ੍ਰਤੀ ਫਲੈਟ 1 ਕੇ.ਵੀ ਨਿਸ਼ਚਿਤ ਹੈ। ਰੱਖ ਰਖਾਓ ਏਜੰਸੀ ਜਿਵੇਂ ਠੀਕ ਸਮਝੇ ਇਸ ਨੂੰ ਬਦਲਣ ਅਤੇ ਨਿਯਮ ਬਣਾਉਣ ਲਈ ਹੱਕ ਰੱਖਦੀ ਹੈ।

30. ਇਹ ਕਿ ਖਰੀਦਦਾਰ ਸਹਿਮਤ ਹੈ ਅਤੇ ਆਪਣੇ ਆਪ ਨੂੰ ਪਾਬੰਦ ਕਰਦਾ ਹੈ ਕਿ ਉਹ ਵਿਕਰੇਤਾ/ ਰੱਖ ਰਖਾਓ ਏਜੰਸੀ ਵਲੋਂ ਮੰਗ ਕਰਨ ਤੇ ਬੀਮਾਂ ਚੰਦਾ/ਹੋਰ ਸਾਰੇ ਰੇਟ ਟੈਕਸ,ਲੈਵੀ,ਲਗਾਨ, ਆਦਿ ਦੇ ਸਮੇਂ ਸਮੇਂ ਜਮੀਨ ਅਤੇ ਜਾਂ ਬਿਲਡਿੰਗ ਤੋਂ ਲਗਾਏ ਜਾਣਗੇ , ਜਿਸ ਵਿੱਚ ਪਾਣੀ ਅਤੇ ਬਿਜਲੀ ਦੇ ਖਰਚੇ ਅਤੇ ਬਿਲਡਿੰਗਾਂ ਦੇ ਰੱਖ ਰਖਾਓ ਅਤੇ ਪ੍ਰਬੰਧਕੀ ਖਰਚੇ,ਲਿਫਟਾਂ,ਸਾਂਝੀਆਂ ਲਾਈਟਾਂ,ਉਗਰਾਹੀ ਕਰਨ ਦੇ ਖਰਚੇ,ਚੌਕੀਦਾਰਾਂ ਦੇ ਖਰਚੇ,ਸਫਾਈ ਵਾਲਿਆਂ ਦੇ ਖਰਚੇ,ਹਿਸਾਬ ਕਿਤਾਬ ਰੱਖਣ ਦੇ ਖਰਚੇ ਜੋ ਸੰਪਤੀ ਦੇ ਸਬੰਧੀ ਮਸ਼ੀਨਰੀ/ਸਮਾਨ ਜੋ ਫਲੈਟ ਮਾਲਕਾਂ ਦੇ ਸਾਂਝੇ ਪ੍ਰਯੋਗ ਲਈ ਲਗਾਏ ਗਏ ਹਨ ਦੇ ਬਦਲੇ ਆਦਿ ਦੇ ਖਰਚੇ ਅਦਾ ਕਰੇਗਾ ।

31. ਖਰੀਦਦਾਰ ਫਲੈਟ ਦੇ ਸੁਪਰ ਰਕਬੇ ਦੀ ਨਿਸਬਤ ਸਾਰੇ ਟੈਕਸ ਜੋ ਦੇਣ ਯੋਗ ਹੋਣ , ਫਲੈਟ ਅਤੇ ਪਲਾਟ ਜਾਂ ਹਾਉਸਿੰਗ ਪ੍ਰੋਜੈਕਟ ਦੇ ਸਬੰਧਤ ਹੋਣ,ਦੇਣ ਲਈ ਸਹਿਮਤ ਹੈ। ਖਰੀਦਦਾਰ ਵਿਕਰੇਤਾ ਨਾਲ ਇਜਹਾਰ ਕਰਦਾ ਹੈ ਕਿ ਉਹ ਸਮੇਂ ਸਮੇਂ ਸਾਰੀਆਂ ਲੋੜਾ,ਮੰਗਾਂ ਅਤੇ ਮੁਰਮੰਤਾਂ ਆਪਣੇ ਖਰਚੇ ਤੇ ਕਰਵਾਏਗਾ। ਜੋ ਕਿ ਵਿਕਾਸ ਅਧਿਕਾਰੀ/ਮਿਉਂਸਪਲ ਅਧਿਕਾਰੀ/ਸਰਕਾਰ ਜਾਂ ਕੋਈ ਹੋਰ ਅਧਿਕਾਰੀ ਉਕਤ ਬਿਲਡਿੰਗ(ਆਂ) ਅਤੇ ਜਮੀਨ ਜਿਸ ਉਪਰ ਉਕਤ ਬਿਲਡਿੰਗ(ਆਂ) ਖੜੀ(ਆਂ) ਹਨ ਅਤੇ ਖਰੀਦਦਾਰ ਵਿਕਰੇਤਾ ਨੂੰ ਸਾਰੀਆਂ ਲਾਗਤਾਂ ਅਤੇ ਨਤੀਜਿਆਂ ਅਤੇ ਨੁਕਸਾਨ ਜੋ ਕਿ ਅਜਿਹੀਆਂ ਲੋੜਾ ਮੰਗਾਂ ਮੁਰਮੰਤਾ ਆਦਿ ਦੀ ਤਾਮੀਲ ਨਾ ਕਰਨ ਕਰਕੇ ਹੋਣ ਤੇ ਵਿਕਰੇਤਾ ਦਾ ਘਾਟਾ ਪੂਰਾ ਕਰੇਗਾ ਅਤੇ ਉਸਨੂੰ ਸੁਰੱਖਿਅਤ ਅਤੇ ਨੁਕਸਾਨ ਰਹਿਤ ਰੱਖੇਗਾ ।

32. ਇਹ ਕਿ ਖਰੀਦਦਾਰ ਵਿਕਰੇਤਾ/ ਰੱਖ ਰਖਾਓ ਏਜੰਸੀ ਅਤੇ ਉਹਨਾਂ ਦੇ ਸਰਵੇਅਰਾਂ ਅਤੇ ਏਜੰਟਾਂ ਨੂੰ ਬਿਨਾਂ ਜਾਂ ਸਮੇਂਤ ਕਾਮਿਆਂ ਦੇ ਹਰ ਵਾਜਬ ਸਮੇਂ ਤੇ ਉਕਤ ਫਲੈਟ ਜਾਂ ਇਸ ਦੇ ਕਿਸੇ ਹਿੱਸੇ ਵਿੱਚ ਦਾਖਲ ਹੋਣ ਦੀ ਆਗਿਆ ਦੇਵੇਗਾ ਤਾਂ ਜੋ ਉਹ ਉਸਦੀ ਹਾਲਤ ਨੂੰ ਦੇਖ ਕਰਕੇ ਮੁਆਇਨਾ ਕਰ ਸਕਣ ਅਤੇ ਵਿਕਰੇਤਾ ਵਲੋਂ

ਲਿਖਤੀ ਨੋਟਿਸ ਮਿਲਣ ਤੇ 48 ਘੰਟਿਆਂ ਦੇ ਅੰਦਰ-2 ਉਹ ਕੰਮ ਪੂਰਾ ਕਰੇਗਾ । ਖਰੀਦਦਾਰ ਇਕਰਾਰ ਕਰਦਾ ਹੈ ਕਿ ਸਹਿਮਤੀ ਦਿੰਦਾ ਹੈ ਕਿ ਤਤਕਾਲ ਸਥਿਤੀ ਵਿੱਚ ਜਿਵੇਂ ਕਿ ਅੱਗ ਲਗਣਾ,ਸ਼ਾਟ ਸਰਕਟ ਜਾਂ ਅਜਿਹੀ ਕਿਸਮ ਵੇਲੇ , ਰੱਖ ਰਖਾਓ ਏਜੰਸੀ,ਫਲੈਟ /ਯੂਨਿਟ ਦੇ ਅੰਦਰ ਖਰੀਦਦਾਰ/ ਕਾਬਜ(ਆਂ) ਦੀ ਹਾਜਰੀ/ ਗੈਰ ਹਾਜਰੀ ਵਿੱਚ ਦਾਖਲ ਹੋ ਜਾਵੇ।

33. ਇਹ ਕਿ ਖਰੀਦਦਾਰ ਇਕਰਾਰ ਕਰਦਾ ਹੈ ਕਿ ਉਹ ਬਿਲਡਿੰਗ ਦੇ ਬਾਹਰਲੇ ਪਾਸੇ ਜਾਂ ਬਿਲਡਿੰਗ ਦੇ ਬਾਹਰਵਾਰ ਜਾਂ ਸਾਂਝੇ ਰਕਬੇ ਤੇ ਕੋਈ ਨਾਮ ਜਾਂ ਸਾਈਨ ਬੋਰਡ,ਮਸ਼ਹੂਰੀ ਜਾਂ ਮਸ਼ਹੂਰੀ ਦਾ ਸਮਾਨ ,ਕੱਪੜਾ ਆਦਿ ਨਹੀ ਲਗਾਏਗਾ।

34. ਇਹ ਕਿ ਖਰੀਦਦਾਰ ਇਹ ਵੀ ਇਕਰਾਰ ਕਰਦਾ ਹੈ ਕਿ ਉਹ ਬਾਹਰਲੀਆਂ ਦੀਵਾਰਾਂ ਦੀ ਰੰਗ ਸਕੀਮ ਨੂੰ ਨਹੀ ਬਦਲੇਗਾ ਅਤੇ ਨਾਂ ਹੀ ਦਰਵਾਜੇ ਤੇ ਖਿੜਕੀਆਂ ਦੇ ਬਾਹਰਲੇ ਪਾਸੇ ਦੇ ਰੰਗ ਰੋਗਨ ਨੂੰ ਬਦਲੇਗਾ ਅਤੇ ਨਾ ਹੀ ਬਾਹਰਲੇ ਐਲੀਵੇਸਨ ਜਾਂ ਡਿਜਾਇਨ ਨੂੰ ਬਦਲੇਗਾ।

35. ਇਹ ਕਿ ਖਰੀਦਦਾਰ ਵਿਕਰੇਤਾ ਨਾਲ ਇਕਰਾਰ ਕਰਦਾ ਹੈ ਕਿ ਉਹ ਵਿਕਰੇਤਾ ਨੂੰ ਸਮੇਂ ਸਮੇਂ ਅਤੇ ਸਾਰੇ ਸਮਿਆਂ ਤੇ ਜੋ ਖਰੀਦਦਾਰ ਵਲੋਂ ਇਸ ਲਿਖਤ ਅਧੀਨ ਰਕਮ ਦੇਣੀ ਬਣਦੀ ਹੈ ਦੇਵੇਗਾ ਅਤੇ ਇਸ ਲਿਖਤ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰੇਗਾ। ਖਰੀਦਦਾਰ ਇਹ ਵੀ ਇਕਰਾਰ ਕਰਦਾ ਹੈ ਕਿ ਉਹ ਵਿਕਰੇਤਾ ਅਤੇ ਉਸਦੇ ਏਜੰਟ ਅਤੇ ਨੁਮਾਇੰਦੇ , ਮਿਲਖ ਅਤੇ ਮਾਲ ਨੂੰ ਉਕਤ ਅਦਾਇਗੀਆਂ ਅਤੇ ਉਕਤ ਸ਼ਰਤਾਂ ਦੀ ਖਰੀਦਦਾਰ ਵਲੋਂ ਪਾਲਣਾ ਕਰਨ ਦੇ ਵਿਰੁੱਧ ਮੁਕਤ ਰੱਖੇਗਾ ਅਤੇ ਖਰੀਦਦਾਰ ਵਲੋਂ ਅਦਾਇਗੀਆਂ ਨਾ ਕਰਨ ਅਤੇ ਸ਼ਰਤਾਂ ਦੀ ਪਾਲਣਾ ਨਾ ਕਰਨ ਕਰਕੇ ਵਿਕਰੇਤਾ ਨੂੰ ਜੋ ਕੋਈ ਨੁਕਸਾਨ ਜਾਂ ਘਾਟਾ ਪੈਂਦਾ ਹੈ ਤਾਂ ਖਰੀਦਦਾਰ ਉਸ ਦਾ ਹਰਜਾਨਾ ਦੇਵੇਗਾ ।

36. ਇਹ ਕਿ ਸਾਰੀਆਂ ਸ਼ਰਤਾਂ ਜੋ ਕਿ ਅਲਾਟਮੈਂਟ ਪੱਤਰ/ਫਲੈਟ ਖਰੀਦ ਦੇ ਇਕਰਾਰਨਾਮਾ ਜੋ ਖਰੀਦਦਾਰ ਨੇ ਦਸਤਖਤ ਕੀਤੇ ਹਨ ਨੂੰ ਇਸ ਲਿਖਤ ਦਾ ਹਿੱਸਾ ਸਮਝਿਆ ਜਾਵੇਗਾ। ਸਿਵਾਇ ਉਹ ਸ਼ਰਤਾਂ ਜੋ ਉਕਤ ਇਕਰਾਰਨਾਮੇ ਦੀਆਂ ਸ਼ਰਤਾਂ ਨਾਲ ਨਾ ਮਿਲਦੀਆਂ ਹੋਣ , ਜਿਸ ਹਾਲਤ ਵਿੱਚ ਇਹ ਲਿਖਤ ਵਿੱਚ ਦਿੱਤੀਆਂ ਸ਼ਰਤਾਂ ਹੀ ਲਾਗੂ ਹੋਣਗੀਆਂ ।

37. ਇਹ ਕਿ ਜੇਕਰ ਖਰੀਦਦਾਰ ਸਾਂਝੇ ਹੋਣ ਤਾਂ ਵਿਕਰੇਤਾ ਵਲੋਂ ਸਾਰੀਆਂ ਸੂਚਨਾਵਾਂ ਉਸ ਖਰੀਦਦਾਰ ਨੂੰ ਭੇਜੀਆਂ ਜਾਣਗੀਆਂ ਜਿਸਦਾ ਨਾਮ ਪਹਿਲੇ ਆਉਂਦਾ ਹੈ ਅਤੇ ਉਸ ਪਤੇ ਜੋ ਉਸਨੇ ਦਿੱਤਾ ਹੈ ਅਤੇ ਸਾਰੇ ਮੰਤਵਾਂ ਲਈ ਸੂਚਨਾਂ ਸਾਰੇ ਖਰੀਦਦਾਰ ਭੇਜੀ ਸਮਝੀ ਜਾਵੇਗੀ ਅਤੇ ਦੂਜੇ ਖਰੀਦਦਾਰ ਨੂੰ ਵੱਖਰੇ ਤੌਰ ਤੇ ਸੂਚਨਾ ਭੇਜਣੀ ਜਰੂਰੀ ਨਹੀ ਹੋਵੇਗੀ।

38. ਇਹ ਕਿ ਕਿਸੇ ਵੀ ਧਿਰ ਵਲੋਂ ਕਿਸੇ ਸਮੇਂ ਜਾਂ ਕਿਸੇ ਸਮੇਂ ਲਈ ਜੇਕਰ ਕੋਈ ਸ਼ਰਤਾਂ ਲਾਗੂ ਨਹੀ ਕੀਤੀਆਂ ਜਾਂਦੀਆਂ ਤਾਂ ਉਸ ਸ਼ਰਤ ਤੇ ਛੋਟ ਨਹੀ ਸਮਝੀ ਜਾਵੇਗੀ ।

39. ਇਹ ਕਿ ਜੇਕਰ ਇਸ ਲਿਖਤ ਦੀ ਕੋਈ ਮੱਦ ਇਸ ਲਿਖਤ ਦੇ ਮੰਤਵ ਦੇ ਵਿਰੁੱਧ ਹੈ ਤਾਂ ਉਸਦੀ ਸੋਧ ਲਾਗੂ ਕਾਨੂੰਨ ਅਨੁਸਾਰ ਕੀਤੀ ਜਾਵੇਗੀ ਜਾਂ ਉਸਨੂੰ ਕੱਢ ਦਿੱਤਾ ਜਾਵੇਗਾ ਅਤੇ ਇਸ ਲਿਖਤ ਦੀਆਂ ਬਾਕੀ ਦੀਆਂ ਸ਼ਰਤਾਂ ਵੈਲਿਡ ਹੋਣਗੀਆਂ ਅਤੇ ਲਾਗੂ ਕੀਤੀਆਂ ਜਾਣਗੀਆਂ।

40. ਇਹ ਕਿ ਸਾਰੀ ਅਸਟਾਮ ਫੀਸ ਅਤੇ ਹੋਰ ਸਬੰਧਤ ਖਰਚੇ ਖਰੀਦਦਾਰ ਵਲੋਂ ਕੀਤੇ ਗਏ ਹਨ। ਜੇਕਰ ਸਬ ਰਜਿਸਟਰਾਰ/ਸਬੰਧਤ ਅਧਿਕਾਰੀ ਵਲੋਂ ਅਸਟਾਮ ਫੀਸ ਦੀ ਕੋਈ ਕਮੀ ਪਾਈ ਜਾਂਦੀ ਹੈ ਤਾਂ ਇਹ ਕਮੀ ਅਤੇ ਲਗਾਏ ਗਏ ਜੁਰਮਾਨੇ ਜੋ ਇਸ ਫਲੈਟ ਦੇ ਸਬੰਧ ਵਿੱਚ ਹੋਣ, ਦੀ ਅਦਾਇਗੀ ਕੇਵਲ ਖਰੀਦਦਾਰ ਵਲੋਂ ਕੀਤੀ ਜਾਵੇਗੀ ਅਤੇ ਇਸ ਸਬੰਧੀ ਵਿਕਰੇਤਾ ਦੀ ਕੋਈ ਜੁੰਮੇਵਾਰੀ ਨਹੀ ਹੋਵੇਗੀ।

41. ਇਹ ਲਿਖਤ/ਇਕਰਾਰਨਾਮਾ ਸਮੇਤ ਬਿਲਡਰ-ਖਰੀਦਦਾਰ ਇਕਰਾਰਨਾਮਾ ਅਤੇ ਦਸਤਖਤ ਦਸਤਾਵੇਜ ਵਿੱਚ ਧਿਰਾਂ ਦਰਮਿਆਨ ਪੂਰਾ ਇਕਰਾਰਨਾਮਾ ਹੈ, ਜੋ ਕਿ ਉਕਤ ਫਲੈਟ ਦੇ ਸਬੰਧ ਵਿੱਚ ਅਤੇ ਇਸ ਤੋਂ ਪਹਿਲਾਂ ਕੀਤੇ ਪ੍ਰਬੰਧ,ਆਪਸੀ ਸਮਝ,ਜਾਂ ਇਕਰਾਰਨਾਮੇ ਜਾਂ ਸ਼ਰਤਾਂ ਜੁਬਾਨੀ ਜਾਂ ਲਿਖਤੀ ਜੋ ਕਿ ਧਿਰਾਂ ਦੇ ਦਰਮਿਆਨ ਉਕਤ ਵਿਸ਼ੇ ਸਬੰਧੀ ਕੀਤੀਆਂ ਹੋਣ ਨੂੰ ਰੱਦ ਕਰਦਾ ਹੈ। ਜੇਕਰ ਬਿਲਡਰ-ਖਰੀਦਦਾਰ ਇਕਰਾਰਨਾਮੇ ਅਤੇ ਇਸ ਬੈਨਾਮਾ ਲਿਖਤ ਵਿੱਚ ਕੋਈ ਵਿਰੋਧ/ਝਮੇਲਾ ਹੋਵੇ ਤਾਂ ਵਿਕਰੇਤਾ ਦਾ ਫੈਸਲਾ ਸਹੀ ਅਤੇ ਅੰਤਿਮ ਹੋਵੇਗਾ ਅਤੇ ਸਾਰੀਆਂ ਧਿਰਾਂ ਤੇ ਲਾਗੂ ਹੋਵੇਗਾ। ਖਰੀਦਦਾਰ ਇਕਰਾਰ ਕਰਦਾ ਹੈ ਕਿ ਉਹ ਉਸਦੀ ਪਾਲਣਾ ਕਰੇਗਾ ਅਤੇ ਜੇਕਰ ਨਹੀ ਕਰੇਗਾ ਤਾਂ ਖਰੀਦਦਾਰ ਵਿਕਰੇਤਾ ਨੂੰ ਇਸ ਲਈ ਹਰਜਾਨਾ ਦੇਵੇਗਾ।

42. ਜੇਕਰ ਇਸ ਲਿਖਤ/ ਇਕਰਾਰਨਾਮੇ ਦੀ ਕੋਈ ਮੱਦ ਗੈਰਕਾਨੂੰਨੀ ਜਾਂ ਪੂਰੀ/ਕੋਈ ਹਿੱਸਾ ਲਾਗੂ ਕਰਨ ਯੋਗ ਨਹੀ ਹੈ ਤਾਂ ਅਜਿਹਾ ਕੇਵਲ ਉਸ ਮੱਦ ਜਾਂ ਉਸ ਹਿੱਸੇ ਲਈ ਹੋਵੇਗਾ ਅਤੇ ਉਸ ਮੱਦ ਦਾ ਬਾਕੀ ਹਿੱਸਾ ਅਤੇ ਇਸ ਇਕਰਾਰਨਾਮੇ ਦੀਆਂ ਬਾਕੀ ਮੱਦਾਂ ਪੂਰੀ ਤਰ੍ਹਾਂ ਲਾਗੂ ਰਹਿਣਗੀਆਂ। ਸਿਵਾਇ ਜਿਥੇ ਵਿਸ਼ੇਸ ਤੌਰ ਤੇ ਲਿਖਿਆ ਗਿਆ ਹੋਵੇ ਕਿ ਖਰੀਦਦਾਰ ਨੂੰ ਇਸ ਇਕਰਾਰਨਾਮੇ ਅਧੀਨ ਕੋਈ ਲਾਭ ਜੁੰਮੇਵਾਰੀ ਜਾਂ ਬੋਝਾ ਕਿਸੇ ਤੀਜੀ ਧਿਰ ਨੂੰ

 Certificate No-IN-PB087564495749905

ਸੇਵਾ ਵਿਖੇ ਸਬ ਰਜਿਸਟਰਾਰ ਸਾਹਿਬ ਖਰੜ,ਜਿਲ੍ਹਾ ਐਸ.ਏ.ਐਸ ਨਗਰ(ਮੋਹਾਲੀ)

ਬੈਨਾਮਾ ਸੰਪਤੀ ਦੀ ਕਿਸਮ:- ਰਿਹਾਇਸ਼ੀ ਅਪਾਰਟਮੈਂਟ/ਫਲੈਟ ਨੰਬਰ:-301/ਟਾਵਰ ਡੀ ਤੀਜੀ ਫਲੌਰ, ਜਮੀਨ ਤਦਾਦੀ 0-2/3 ਮਰਲੇ (ਜਮੀਨ ਦਾ ਹਿੱਸਾ-20.45 ਵਰਗ ਗਜ) ਸੁਪਰ ਏਰੀਆ 2180 ਵਰਗ ਫੁੱਟ, ਪਾਮ ਵਿਲੇਜ਼ ਵਿਖੇ ਪਾਰਸ ਪਨੋਰਮਾ ਪ੍ਰੋਜੈਕਟ ਪਿੰਡ ਦੇਸੂਮਾਜਰਾ ਅਤੇ ਫਤਿਹਉਲਾਪੁਰ ਤਹਿਸੀਲ ਖਰੜ ਜਿਲ੍ਹਾ ਮੋਹਾਲੀ।

ਸੌਦੇ ਦੀ ਕੀਮਤ : 56,00,000/- ਰੁਪਏ

ਮੁਤਾਬਿਕ ਕੁਲੈਕਟਰ ਰੇਟ : 25,94,200/- ਰੁਪਏ

ਅਸ਼ਟਾਮ ਫੀਸ ਦੀ ਅਦਾਇਗੀ : 2,99,000/- ਰੁਪਏ
ਈ-ਸਟੈਂਪ,ਕੈਨਰਾ ਬੈਂਕ , ਦੇਸੂਮਾਜਰਾ, ਖਰੜ ਮਿਤੀ-27-2-2020

ਵਿਕਰੇਤਾ ਦਾ ਪੈਨ ਕਾਰਡ ਨੰਬਰ:- AAKFB3230H
ਖਰੀਦਦਾਰ ਦਾ ਆਧਾਰ /ਪੈਨ ਕਾਰਡ ਨੰਬਰ:- 3643 6187 8597/ BFKPK9360K
4066 1439 1798 / AIJPK1497J

ਕੁਲ ਰਕਮ -ਪੇਸ਼ਗੀ ਚੈੱਕਾਂ ਰਾਹੀ ਮੁਬਲਿਗ-56,00,000/- (ਛਪੰਜਾ ਲੱਖ ਰੁਪਏ ਕੇਵਲ) ਆਰ.ਟੀ.ਜੀ.ਐਸ ਅਤੇ ਚੈੱਕਾਂ ਰਾਹੀਂ ਪੇਸ਼ਗੀ ਵਸੂਲ ਕੀਤੀ ਹੋਈ ਹੈ।

ਬੈ ਨਾਮਾ

ਇਹ ਬੈਨਾਮਾ ਖਰੜ (ਪੰਜਾਬ) ਵਿਖੇ ਮਿਤੀ 28-02-2020 ਨੂੰ ਹੇਠ ਲਿਖੀਆ ਧਿਰਾਂ ਦੇ ਦਰਮਿਆਨ ਕੀਤਾ ਗਿਆ ।

ਮੈਸਰਜ ਬੀ .ਜੀ. ਬਿਲਟੈਕ,ਦਫਤਰ ਐਸ.ਸੀ.ਐਫ ਨੰਬਰ:-44-45,ਸੈਕਟਰ-9,ਪੰਚਕੂਲਾ, ਹਰਿਆਣਾ ਰਾਹੀਂ ਗੁਰਚਰਨ ਸਿੰਘ ਪੁੱਤਰ ਲੇਟ ਸ੍ਰੀ ਨਿਰੰਜਨ ਸਿੰਘ ਵਾਸੀ 15/24,ਐਮ ਡੀ ਸੀ,ਸੈਕਟਰ-5,ਪੰਚਕੂਲਾ ਤਹਿਸੀਲ ਤੇ ਜਿਲ੍ਹਾ ਪੰਚਕੂਲਾ (ਅਥੋਰਾਈਜਡ ਸਿਗਨੇਟਰੀ) ਕੇਅਰ ਆਫ ਮੈਸਰਜ ਬੀ ਜੀ ਬਿਲਟੈਕ ਐਸ ਸੀ ਐਫ 44-45, ਫਸਟ ਫਲੌਰ, ਸੈਕਟਰ-9,ਪੰਚਕੂਲਾ ਜਿਸਨੂੰ ਫਰਮ ਦੇ ਮਤੇ ਰਾਹੀਂ ਅਧਿਕਾਰ ਦਿੱਤਾ ਗਿਆ ਹੈ, ਜਿਸਨੂੰ ਕੰਪਨੀ ਦੇ ਮਤਾ ਨੰਬਰ:- ਡੀ 301 -180 ਮਿਤੀ 28-02-2020 ਰਾਹੀਂ ਫਲੈਟ ਵੇਚਣ ਦਾ ਅਧਿਕਾਰ ਦਿੱਤਾ ਹੋਇਆ ਹੈ ਇਹ ਮਤਾ ਕੈਂਸਲ ਨਹੀ ਕਰਵਾਇਆ ਹੋਇਆ ਹੈ ਜੋ ਕਿ ਇਸ ਤੋਂ ਬਾਅਦ ਵਿਕਰੇਤਾ ਕਹਿਲਾਵੇਗਾ ਅਤੇ ਜਿਸ ਦੇ ਅਰਥ ਵਿੱਚ ਇਸ ਦੇ ਕਾਨੂੰਨੀ ਵਾਰਸ ,ਸੰਪਾਦਕ, ਪ੍ਰਬੰਧਕ, ਕਾਨੂੰਨੀ ਨੁਮਾਇੰਦੇ,ਵਾਰਸ,ਨਾਮਜ਼ਦ,ਸਪੁਰਦਾਰ ਆਦਿ ਸ਼ਾਮਿਲ ਹੋਣਗੇ ਜਦੋਂ ਕਿ ਇਸ ਸ਼ਬਦਾਵਲੀ ਵਿੱਚ ਇਸਦੇ ਉਲਟ ਨਾਂ ਹੋਵੇ, ਨੂੰ ਪਹਿਲੀ ਧਿਰ ਕਿਹਾ ਜਾਵੇਗਾ ,ਬਹੈਸੀਅਤ ਮੁਖਤਿਆਰਆਮ ਵਲੋਂ ਮੈਸ: ਡਾਇਨੇਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ.ਦਫਤਰ 11 ਵੀਂ ਫਲੌਰ, ਪਾਰਸ ਟਵਿਨ ਟਾਵਰਸ,ਟਾਵਰ ਬੀ,ਸੈਕਟਰ-54,ਗੁੜਗਾਓਂ ਖੇਵਟਦਾਰ ਵਾਕਿਆ ਪਿੰਡ ਦੇਸੂਮਾਜਰਾ ਐਮ ਸੀ ਵਾ ਤਹਿਸੀਲ ਖਰੜ ਜਿਲ੍ਹਾ ਐਸ.ਏ.ਐਸ. ਨਗਰ,ਮੋਹਾਲੀ ਦਾ ਹਾਂ । ਜੋ ਕਿ ਮੁਖਤਿਆਰਨਾਮਾ ਆਮ ਵਸੀਕਾ ਨੰਬਰ:- 218, ਮਿਤੀ-21-09-2012 , ਸਬ-ਰਜਿਸਟਰਾਰ ,ਖਰੜ ਰਾਹੀਂ ਮੁਖਤਿਆਰਆਮ ਨਿਯੁਕਤ ਕੀਤਾ ਹੋਇਆ ਹੈ। ਇਹ ਮੁਖਤਿਆਰਨਾਮਾ ਕੈਂਸਲ ਨਹੀ ਕਰਵਾਇਆ ਹੋਇਆ ਹੈ ਅਤੇ ਅਸਲ ਮਾਲਕ ਜਿੰਦਾ ਹਨ।

ਅਤੇ

ਸ੍ਰੀ ਸਾਹਿਲ ਕੌਸ਼ਲ ਪੁੱਤਰ ਲੇਟ ਸ੍ਰੀ ਰਾਜ ਕੁਮਾਰ ਕੌਸ਼ਲ ਪੁੱਤਰ ਸ੍ਰੀ ਬਲਦੇਵ ਕ੍ਰਿਸ਼ਨ ਕੌਸ਼ਲ 44/34300 ਹਿੱਸਾ ਅਤੇ ਸ੍ਰੀਮਤੀ ਕੁਸੁਮ ਕੌਸ਼ਲ ਪਤਨੀ ਲੇਟ ਸ੍ਰੀ ਰਾਜ ਕੁਮਾਰ ਕੌਸ਼ਲ ਪੁੱਤਰ ਸ੍ਰੀ ਬਲਦੇਵ ਕ੍ਰਿਸ਼ਨ ਕੌਸ਼ਲ 22/34300 ਹਿੱਸਾ ਵਾਸੀਆਨ ਮ.ਨੰ: 133-ਬੀ ਭਗਵਾਨਪੁਰ ਰੋਡ, ਸਮਰਾਲਾ (ਪੰਜਾਬ) ਜਿਸਨੂੰ ਕਿ ਇਸ ਤੋਂ ਬਾਅਦ ਇੱਕਲੇ/ਇਕਠੇ ਜਿਵੇ ਵੀ ਹੋਵੇ,ਨੂੰ ਖਰੀਦਦਾਰ ਕਿਹਾ ਜਾਵੇਗਾ, ਜੋ ਸ਼ਬਦਾਵਲੀ ਪ੍ਰਸੰਗ ਵਿੱਚ ਉਨ੍ਹਾਂ ਦੇ ਵਾਰਸਤ ,ਕਾਨੂੰਨੀ ਨੁਮਾਇੰਦੇ ,ਉਤਰਾਧਿਕਾਰੀ ਜੋ ਦਿਲਚਸਪੀ ਰੱਖਦੇ ਹੋਣ ਪਦਵੀ ਦੇ ਉਤਰਾਧਿਕਾਰੀ,ਮੰਜੂਰਦਾ ਸਪੁਰਦਾਰ,ਸੰਪਾਦਕ,ਅਤੇ ਪ੍ਰਬੰਧਕ ਆਦਿ ਨੂੰ ਦੂਜੀ ਧਿਰ ਕਿਹਾ ਜਾਵੇਗਾ।

ਜੋ ਕਿ ਉਕਤ ਦਰਜ ਕੰਪਨੀ ਮੈਸ: ਡਾਇਨੇਸਟੀ ਬਿਲਡਵੈਲ ਪ੍ਰਾਇਵੇਟ ਲਿਮਟਿਡ ਨੇ ਵਾਕਿਆ ਮੌਜਾ

ਦਸਤਾਵੇਜ਼ ਦੀ ਤਸਦੀਕ

Token No :- **20200000118855**

ਦਸਤਾਵੇਜ ਦੀ ਕਿਸਮ :- ਬੈਨਾਮਾ ,**ਮਾਲੀਅਤ** :- Rs.1466656/-, **ਮਾਲੀਅਤ** :- Rs.5600000/-
ਸਟੈਂਪ ਡਿਊਟੀ :- Rs. 243000, **ਰਜਿਸਟਰੇਸ਼ਨ ਫੀਸ** :- Rs. 56000, **ਸ਼ੋਸ਼ਲ ਇਨਫਰਾਸਟਰਕਚਰ ਸੈਸ** :- Rs. 56000, **ਪੀ. ਐਲ. ਆਰ. ਐਸ.**
ਫੈਸੀਲੀਟੇਸ਼ਨ ਚਾਰਜਿਜ :- Rs. 5000, **ਇੰਤਕਾਲ ਫੀਸ** :- Rs. 300, **ਪੇਸਟਿੰਗ ਫੀਸ ਪੰਜਾਬੀ** :- Rs. 200, :- Rs. 500, **ਪੀ.ਆਈ.ਡੀ.ਬੀ. ਫੀਸ** :- Rs. 56000,
ਜ਼ਮੀਨ ਦਾ ਪ੍ਰਕਾਰ :- ਰਿਹਾਇਸ਼ੀ , **ਜ਼ਮੀਨ ਦਾ ਖੇਤਰ** :- 2180.00 ਵਰਗ ਫੁੱਟ
ਸੈਗਮੈਂਟ ਦਾ ਨਾਮ :- ਦੇਸੁਮਾਜਰਾ ,**ਸੈਕਸ਼ਨ ਕਲੈਕਟਰ ਰੇਟ** :-Rs. 7242
ਭਾਗ ਵੇਰਵਾ :- ਦੇਸੁਮਾਜਰਾ, ਹੋਰ ਕਲੋਨੀਆਂ ਅਪਰੂਵਡ



BEE GEE BUILTECH(Colonization Owner)

ਸ਼੍ਰੀ/ਸ਼੍ਰੀਮਤੀ**BEE GEE BUILTECH** s/o/d/o/w/o ਨੇ ਇਸ ਦਫਤਰ ਵਿੱਚ ਦਸਤਾਵੇਜ ਰਜਿਸਟਰੇਸ਼ਨ ਲਈ ਪੇਸ਼ ਕੀਤਾ।

ਅੱਜ ਮਿਤੀ :- **28-Feb-2020** ਦਿਨ :- **Friday** ਸਮਾਂ :- **01:25:10 pm**

ਪੇਸ਼ਕਰਤਾ ਦੇ ਦਸਤਖਤ/ਨਿਸ਼ਾਨ ਅਗੁੰਠਾ

ਸਬ ਰਜਿਸਟਰਾਰ /ਜਾਇੰਟ ਸਬ ਰਜਿਸਟਰਾਰ

ਸ਼੍ਰੀ/ਸ਼੍ਰੀਮਤੀ **BEE GEE BUILTECH** s/o/d/o/w/o ਪੇਸ਼ਕਰਤਾ ਨੂੰ ਦਸਤਾਵੇਜ ਦੀ ਲਿਖਤ ਪੜਕੇ ਸੁਣਾਈ ਗਈ । ਜੋ ਉਸਨੇ ਠੀਕ ਮੰਨ ਕੇ ਪ੍ਰਵਾਨ ਕੀਤੀ । **ਬੈਨਾਮਾ** ਦੀ ਕੁੱਲ ਕੀਮਤ ਵਿੱਚੋਂ **-** ਰੁ: ਮੇਰੇ ਸਾਹਮਣੇ ਪ੍ਰਾਪਤ ਕੀਤੇ। ਬਾਕੀ ਰਾਸ਼ੀ ਨਕਦ/ਚੈਕ /ਡਰਾਫਟ/ਆਰ.ਟੀ.ਜੀ.ਐਸ ਰਾਹੀ ਪਹਿਲਾ ਵਸੂਲ ਕੀਤੇ। ਦੋਨਾਂ ਧਿਰਾਂ ਦੀ ਸ਼ਨਾਖਤ ਗਵਾਹ ਨੰਬਰ 1 **HARMINDER SINGH** ਅਤੇ ਗਵਾਹ ਨੰਬਰ 2 **KULWINDER SINGH** . ਤਸਦੀਕ ਕਰਦੇ ਹਨ। ਮੈਂ ਪਹਿਲੇ ਗਵਾਹ ਨੂੰ ਜਾਣਦਾ ਹਾਂ ਜੋ ਕਿ ਦੂਸਰੇ ਗਵਾਹ ਨੂੰ ਜਾਣਦਾ ਹੈ ਅਤੇ/ਜਾਂ ਧਿਰਾਂ ਨੇ ਆਪਣੀ ਸਵੈ ਪਹਿਚਾਣ ਹੇਠ ਲਿਖੇ ਅਨੁਸਾਰ ਪੇਸ਼ ਕੀਤੀ। .

ਧਿਰ ਦਾ ਨਾਮ	ਪਹਿਚਾਣ ਪੱਤਰ ਦੀ ਕਿਸਮ	ਪਹਿਚਾਣ ਪੱਤਰ ਦਾ ਨੰਬਰ	ਇਨਕਮ ਟੈਕਸ ਪੈਨ ਕਾਰਡ
BEE GEE BUILTECH			

ਲਿਹਾਜਾ ਵਸੀਕਾ ਰਜਿਸਟਰਡ ਕੀਤਾ ਜਾਵੇ।

ਸਬ ਰਜਿਸਟਰਾਰ /ਜਾਇੰਟ ਸਬ ਰਜਿਸਟਰਾਰ

ਮਿਤੀ:- **28-Feb-2020**

ਗਵਾਹ

1.----------

2.----------

(ਪਹਿਲੀ ਧਿਰ ਦੇ ਦਸਤਖਤ/ਨਿਸ਼ਾਨ ਅਗੁੰਠਾ)

(ਦੂਜੀ ਧਿਰ ਦੇ ਦਸਤਖਤ/ਨਿਸ਼ਾਨ ਅਗੁੰਠਾ)



SAHIL KAUSHAL AND KUSUM KAUSHAL ()

ਉਪਰੋਕਤ ਹਸਤਾਖਰ ਅਤੇ ਅੰਗੂਠੇ ਦੇ ਨਿਸ਼ਾਨ ਮੇਰੀ ਹਾਜਰੀ ਵਿਚ ਲਗਾਏ ਗਏ

ਮਿਤੀ:- **28-Feb-2020**

ਸਬ ਰਜਿਸਟਰਾਰ /ਜਾਇੰਟ ਸਬ ਰਜਿਸਟਰਾਰ

ਦਸਤਾਵੇਜ਼ ਨੰਬਰ :- 2019-20/15/1/14609

ਬੁੱਕ ਨੰਬਰ :- 1

ਜਿਲਦ ਨੰਬਰ :-

ਪੰਨਾ ਨੰਬਰ :-

ਪਰ ਰਜਿਸਟਰਡ ਦਸਤਾਵੇਜ ਤਸਦੀਕ ਕੀਤਾ ਗਿਆ।

ਗੁਰਮੇਦਰ ਸਿੰਘ
ਸਬ ਰਜਿਸਟਰਾਰ, ਖਰੜ।

ਸਬ ਰਜਿਸਟਰਾਰ /ਜਾਇੰਟ ਸਬ ਰਜਿਸਟਰਾਰ

ਦਵਿੰਦਰ ਸਿੰਘ
ਰਜਿਸਟਰੀ ਕਲਰਕ ਖਰੜ।

ਵਿਕਰੇਤਾ ਦੀ ਲਿਖਤੀ ਸਹਿਮਤੀ ਤੋਂ ਬਿਨਾਂ ਸੰਪੂਰਨ ਨਹੀ ਕਰ ਸਕਦਾ। ਉਕਤ ਅਨੁਸਾਰ ਇਹ ਲਿਖਤ/ ਇਕਰਾਰਨਾਮਾ ਧਿਰਾਂ ਦੇ ਲਾਭ ਨੂੰ ਯਕੀਨੀ ਬਣਾਏਗਾ ਅਤੇ ਧਿਰਾਂ ਉੱਤੇ ਲਾਗੂ ਹੋਵੇਗਾ ਅਤੇ ਉਹਨਾਂ ਦੇ ਵਾਰਸਾਂ(ਜਿਸ ਵਿੱਚ ਕਿਸੇ ਧਿਰ ਦੇ ਨਾਲ ਮਿਲ ਜਾਣ ਕਾਰਨ ਵਾਰਸ ਵੀ ਸ਼ਾਮਲ ਹੈ) ਅਤੇ ਆਗਿਆ ਸਹਿਤ ਸੁਪਰਦਾਰ ਤੇ ਲਾਗੂ ਹੋਵੇਗਾ।

43. ਇਹ ਕਿ ਉਕਤ ਬਲਾਕ ਦੇ ਟਾਪ ਫਲੌਰ ਦੀ ਛੱਤ ਦੀ ਮਾਲਕੀ ਬਾਇਆ ਫਰਮ ਦੀ ਹੀ ਰਹੇਗੀ ਅਤੇ ਕਿਸੇ ਵੀ ਅਪਾਰਟਮੇਂਟ ਦੇ ਮਾਲਕ/ ਕਿਰਾਏਦਾਰ ਨੂੰ ਟਾਪ ਫਲੌਰ ਦੀ ਛੱਤ ਨੂੰ ਵਰਤਣ ਦਾ ਹੱਕ ਨਹੀ ਹੋਵੇਗਾ ਲੇਕਿਨ ਖਰੀਦਦਾਰ/ ਕਿਰਾਏਦਾਰ ਛੱਤ ਉੱਪਰ ਲਗੀਆਂ ਟੈਂਕੀਆਂ ਦੀ ਰਿਪੇਅਰ ਕਰਨ ਲਈ ਛੱਤ ਉੱਪਰ ਆ ਜਾ ਸਕਦੇ ਹਨ । ਖਰੀਦਦਾਰ ਨੂੰ ਇਸ ਪ੍ਰਾਪਰਟੀ ਨੂੰ ਵੇਚਣ ਤੋਂ ਪਹਿਲਾਂ ਕੰਪਨੀ ਕੋਲੋਂ ਐਨ ਓ ਸੀ ਲੈਣੀ ਪਵੇਗੀ ਐਨ ਓ ਸੀ ਲੈਣ ਤੋਂ ਬਿਨਾਂ ਖਰੀਦਦਾਰ ਆਪਣੀ ਪ੍ਰਾਪਰਟੀ ਨੂੰ ਨਹੀ ਵੇਚ ਸਕੇਗਾ।

44. ਇਹ ਕਿ ਇਸ ਇਕਰਾਰਨਾਮੇ ਦੇ ਸਬੰਧ ਵਿੱਚ ਸਾਰੇ ਝਗੜੇ, ਤਫਰਕਾਤ, ਵਿਚਾਰਾਂ ਦੀ ਭਿੰਨ ਭੇਦ ਜਾਂ ਕੋਈ ਹੋਰ ਵਿਸ਼ਾ/ਮਾਮਲਾ ਧਿਰ ਦਰਮਿਆਨ ਆਪਸੀ ਗੱਲਬਾਤ ਰਾਹੀਂ ਨਜੀਠਿਆ ਜਾਵੇਗਾ ਅਤੇ ਜੇਕਰ ਐਸਾ ਨਾ ਹੋ ਸਕੇ ਤਾਂ ਕੇਵਲ ਸਾਲਸ ਰਾਹੀਂ ਫੈਸਲਾ ਕੀਤਾ ਜਾਵੇਗਾ ਸਿਵਾਇ ਐਸਾ ਝਗੜਾ ਜੋ ਕਿ ਕਾਨੂੰਨ ਅਧੀਨ ਸਜਾ ਯੋਗ ਜੁਰਮ ਹੋਣ,ਬਾਕੀ ਸਾਰੇ ਝਗੜੇ ,ਤਫਰਕਾਤ,ਜਾਂ ਭਿੰਨ ਭੇਦ ਜੋ ਆਪਸੀ ਗੱਲਬਾਤ ਨਾਲ ਹੱਲ ਨਾ ਹੋ ਸਕਣ ਤਾਂ ਆਰਬੀਟਰੇਸ਼ਨ ਅਤੇ ਕੰਸੀਲੀਏਸ਼ਨ ਐਕਟ 2007 ਦੀਆਂ ਮੱਦਾਂ ਅਧੀਨ ਸਾਲਸ ਦੇ ਫੈਸਲੇ ਰਾਹੀਂ ਨੱਜੀਠੇ ਜਾਣਗੇ। ਕੇਵਲ ਇੱਕ ਸਾਲਸ ਰਾਹੀਂ ਜੋ ਕਿ ਵਿਕਰੇਤਾ/ ਰੱਖ ਰਖਾਓ ਏਜੰਸੀ ਵਲੋਂ ਨਿਯੁਕਤ ਕੀਤਾ ਜਾਵੇਗ ਅਤੇ ਸਾਲਸੀ ਦੀ ਜਗ੍ਹਾ ਵਿਕਰੇਤਾ ਦਾ ਦਫਤਰ ਪੰਚਕੂਲਾ ਹੋਵੇਗਾ ਅਤੇ ਸਾਲਸੀ ਲਈ ਅੰਗਰੇਜੀ/ਪੰਜਾਬੀ ਭਾਸ਼ਾ ਦੀ ਵਰਤੋਂ ਹੋਵੇਗੀ। ਸਾਲਸ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਧਿਰਾਂ ਤੇ ਹੀ ਲਾਗੂ ਹੋਵੇਗਾ। ਸਾਲਸੀ ਦਾ ਖਰਚਾ ਦੋਨੇ ਧਿਰਾਂ ਬਰਾਬਰ ਬਰਾਬਰ ਕਰਨਗੀਆਂ।

45. ਇਸ ਲਿਖਤ/ਇਕਰਾਰਨਾਮੇ ਦੇ ਸਬੰਧ ਵਿੱਚ ਜਾਂ ਇਸ ਤੋਂ ਪੈਦਾ ਹੋਏ ਸਾਰੇ ਮਾਮਲਿਆਂ ਲਈ ਕੇਵਲ ਪੰਚਕੂਲਾ/ਮੋਹਾਲੀ ਵਿਖੇਂ ਅਦਾਲਤਾਂ ਅਤੇ ਚੰਡੀਗੜ ਵਿਖੇ ਹਾਈਕੋਰਟ ਦੇ ਖੇਤਰ ਅਧੀਨ ਹੋਣਗੇ।

ਇਸ ਵਸੀਕਾ ਵਿੱਚ ਲਿਖਿਆਂ ਗਈਆਂ ਸਾਰੀਆਂ ਸ਼ਰਤਾਂ ਖਰੀਦਦਾਰ ਦਰ ਖਰੀਦਦਾਰ ਇਸ ਤਰ੍ਹਾਂ ਹੀ ਕਾਇਮ ਅਤੇ ਬਹਾਲ ਰਹਿਣਗੀਆਂ । ਲਿਹਾਜਾ ਬੈਨਾਮਾ ਸੁੱਧ-ਬੁੱਧ ਨਾਲ ਲਿਖਵਾ ਕੇ ਸੁਣ ਸਮਝ ਲਿਆ ਹੈ,ਦਰੁਸਤ ਤੇ ਕਬੂਲ ਹੈ। ਮਿਤੀ- 28-02-2020

ਗਵਾਹ ਨੰਬਰ:-1

KULWINDER SINGH
Numberdar
Khunni Majra, Teh. Kharar (Mohali)

ਬਾਇਆ

ਗਵਾਹ ਨੰਬਰ:-2

ਨੰਬਰਦਾਰ
ਪਿੰਡ ਝੁੰਗੀਆਂ (ਮੋਹਾਲੀ)

ਖਰੀਦਦਾਰਾਨ - ਸ੍ਰੀ ਸਾਹਿਲ ਕੌਸ਼ਲ ਵਾ

ਸ੍ਰੀਮਤੀ ਕੁਸੁਮ ਕੌਸ਼ਲ
ਮੋਬ.ਨੰ:

DRAFTED BY
28-2-2020
URMILA KUMARI
ADVOCATE NOTARY